ਸ਼੍ਰੀ ਲੇਖ ਰਾਜ ਮੁੰਦਰਾ ਜੀ ਦੀ ਯਾਦ ਨੂੰ ਸਮਰਪਿਤ


ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

26

July - September 2017

# ਸੈਣੀ ਸੰਸਾਰ
# Saini Sansar

ਵਿਸ਼ੇਸ਼ ਅੰਕ



ਜਨਮੁ ਰਤਨੁ ਜਿਨੀ ਖਟਿਆ
ਭਲੇ ਸੇ ਵਣਜਾਰੇ

ਅੰਦਰ ਪੜ੍ਹੋ

- ਸ਼੍ਰੀ ਲੇਖ ਰਾਜ ਮੁੰਦਰਾ ਦੀਆਂ ਯਾਦਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਬਹੁਪੱਖੀ ਸਖਸ਼ੀਅਤ ਸ. ਹਰਜੀਤ ਸਿੰਘ ਸੱਜਣ
- ਸਿਹਤਮੰਦ ਸਾਹਿਤਕ ਰਚਨਾਵਾਂ
- ਵਿਲੱਖਣ ਸਖਸ਼ੀਅਤ ਸ਼੍ਰੀ ਲੇਖ ਰਾਜ ਮੁੰਦਰਾ
- ਅੰਤਰਰਾਸ਼ਟਰੀ ਆਮ ਗਿਆਨ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - VII, Issue - III

# Saini Sansar

(Quarterly)

July - Sep. 2017

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**PATRON**

**Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

| | | |
|---|---|---|
| India | : | **S. Bahadurjeet Singh** President Rupnagar Press Club.<br>**Sh. Narinder 'Nindi'** Director Pb. Arts International Chd. |
| Australia | : | **S. Malkiat Singn Saini,**<br>#4, Arnika Court, Jereme Grove, Glenwoood, Sydney-Australia |
| U.S.A. | : | **Dr. Manavpreet Kaur** Professor (English)<br># 2421, Bryce Wood Lane, Plano-Tx-75025 (USA). |
| U.K. | : | **Sh. Tarsem Singh Saini**<br># 14, Forest Road, Cambridge-CB1 9JB (U.K.) |
| Canada | : | **Dr. D.P. Singh**<br># 2516, Pollard, Drive Mississauga, Ontario, Canada-LSC3HI |

| **Subscription / Assistance Money** | **India** | **Abroad** | **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 02.07.2017**

# ਸੈਣੀ ਸੰਸਾਰ

(ਤਿਮਾਹੀ)

ਜਿਲਦ 7, ਅੰਕ 3 ਜੁਲਾਈ - ਸਤੰਬਰ 2017

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ

ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ

ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)

ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)


ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਮੁੱਖ ਕਵਰ 'ਤੇ ਫੋਟੋ :

ਸਵਰਗੀ ਸ਼੍ਰੀ ਲੇਖ ਰਾਜ ਮੁੰਦਰਾ ਜੀ

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਸ਼੍ਰੀ ਐਲ. ਆਰ. ਮੁੰਦਰਾ ਦੇ ਜੀਵਨ 'ਤੇ ਇੱਕ ਝਾਤ | 5-6 |
| ਸ਼੍ਰੀ ਮੁੰਦਰਾ ਨੇ ਸਥਾਪਿਤ ਕੀਤਾ ਬਜ਼ੁਰਗਾਂ ਲਈ ਆਪਣਾ ਘਰ | 7 |
| ਮੁੰਦਰਾ ਸਾਹਿਬ ਦੀਆਂ ਯਾਦਾਂ | 8 |
| A Journey Through Time | 9-10 |
| A Great Philanthropist - Mr. L.R. Mundra | 11 |
| ਮੁੰਦਰਾ ਸਾਹਿਬ ਨਾਲ ਵਿਚਰਦਿਆਂ | 12-13 |
| ਮੁੰਦਰਾ ਜੀ ਯਾਦ ਵਿੱਚ ਕਵਿਤਾਵਾਂ | 14 |
| ਮੁੰਦਰਾ ਸਾਹਿਬ ਦੀ ਵਸੀਹਤ | 15-17 |
| ਸੈਣੀ ਭਵਨ ਰੋਪੜ ਦੀਆਂ ਸਰਗਰਮੀਆਂ | 18-20 |
| ਸੈਣੀ ਸੰਮੇਲਨ ਸਮੇਂ ਸਨਮਾਨਿਤ ਸਖਸ਼ੀਅਤਾਂ | 21-22 |
| Five Years Members of Saini Sansar | 23 |
| ਵਿਸ਼ਵ ਪੱਧਰੀ ਸੈਣੀ ਸਖਸ਼ੀਅਤਾਂ | 24 |
| ਬਹੁਪੱਖੀ ਸੈਣੀ ਸਖਸ਼ੀਅਤ - ਸ. ਹਰਜੀਤ ਸਿੰਘ ਸੱਜਣ | 25-27 |
| ਕਹਾਣੀ - ਡਾਚੀ ਦੀਆਂ ਟੱਲੀਆਂ | 28-29 |
| ਔਰਤ ਦਾ ਬਦਲਦਾ ਮੁਹਾਂਦਰਾ | 30-31 |
| ਸੁੱਖਾਂ ਦਾ ਸਾਗਰ - ਪਿਤਾ | 32 |
| ਵਿਦੇਸ਼ਾਂ ਵਿੱਚ ਮਾਣਮੱਤੇ ਪੰਜਾਬੀ | 33-34 |
| ਯੋਗ ਆਸਣ ਕਿਵੇਂ ਕਰੀਏ ? | 35-36 |
| Matrimonials | 38-42 |
| ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ | 43 |



## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |

ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. : 500 ਰੁ: 8 ਸੈ.ਮੀ. x 6 ਸੈ.ਮੀ. = 1000 ਰੁ:


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੀਨੀਅਰ ਸਿਟੀਜ਼ਨ ਕੌਂਸਲ ਰੂਪਨਗਰ,ਜ਼ਿਲ੍ਹਾ ਲਿਖਾਰੀ ਸਭਾ ਅਤੇ ਡੀ.ਏ.ਵੀ. ਸਕੂਲ ਦੀ ਵੀ ਵਿਤੀ ਸਹਾਇਤਾ ਕੀਤੀ।

ਮੁੰਦਰਾ ਸਾਹਿਬ ਸਾਹਿਤਿਕ ਰੁਚੀਆਂ ਦੇ ਮਾਲਕ ਸਨ। ਇਸ ਵਡੇਰੀ ਉਮਰ ਵਿੱਚ ਵੀ ਉਹ ਅੰਗਰੇਜ਼ੀ ਦੀਆਂ ਦੋ ਅਖਬਾਰਾਂ, ਚਾਰ-ਪੰਜ ਮੈਗਜ਼ੀਨ ਅਤੇ ਵਿਸ਼ਵਪ੍ਰਸਿੱਧ ਲੇਖਕਾਂ ਦੀਆਂ ਪੁਸਤਕਾਂ ਪੜ੍ਹਦੇ ਸਨ।ਇਹ ਹੀ ਕਾਰਨ ਸੀ ਕਿ ਉਹ ਤਾਜ਼ੀਆਂ ਅੰਤਰਰਾਸ਼ਟਰੀ ਘਟਨਾਵਾਂ ਅਤੇ ਵਿਗਿਆਨਕ ਗਿਆਨ ਨਾਲ ਲੈਸ ਰਹਿੰਦੇ ਸਨ।ਉਨ੍ਹਾਂ ਨੂੰ ਇਤਿਹਾਸ ਨਾਲ ਖ਼ਾਸ ਲਗਾਵ ਸੀ।ਉਹ ਮਿਰਜ਼ਾ ਗਾਲਿਬ, ਜ਼ੌਕ ਅਤੇ ਮੁਹੰਮਦ ਇਕਬਾਲ ਦੀ ਸ਼ਾਇਰੀ ਦੇ ਮੁਰੀਦ ਸਨ ਅਤੇ ਅਕਸਰ ਹੀ ਇਨ੍ਹਾਂ ਦੇ ਸ਼ੇਅਰ ਸੁਣਾਇਆ ਕਰਦੇ ਸਨ।ਬੀਮਾਰੀ ਦੀ ਹਾਲਤ ਵਿੱਚ ਜਦੋਂ ਬੜੀ ਮੁਸ਼ਕਲ ਨਾਲ ਬੋਲਦੇ ਸਨ ਤਾਂ ਵੀ ਉਨ੍ਹਾਂ ਨੇ ਆਪਣਾ ਦਿਲੀ ਦਰਦ ਪੰਜਾਬੀ ਦੇ ਇੱਕ ਪੁਰਾਣੇ ਗੀਤ ਦੀਆਂ ਸਤਰਾਂ ਨਾਲ ਪ੍ਰਗਟ ਕੀਤਾ,' ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ .......'।ਆਪਣੀ ਵਸੀਅਤ ਵਿੱਚ ਵੀ ਉਨ੍ਹਾਂ ਨੇ ਆਪਣੀ ਬੀਤੀ ਜ਼ਿੰਦਗੀ 'ਤੇ ਚਾਨਣ ਪਾਉਂਦਿਆਂ ਇਸ ਦੁਨੀਆਂ ਤੋਂ ਅਲਵਿਦਾ ਹੋਣ ਦੀ ਸਚਾਈ ਨੂੰ ਕਾਵਿਕ ਸ਼ਬਦਾਂ ਵਿੱਚ ਬਿਆਨ ਕੀਤਾ ਹੈ।

ਉਨ੍ਹਾਂ ਦੇ ਪਹਿਨਣ,ਖਾਣ,ਬੋਲਣ ਅਤੇ ਤੁਰਨ ਵਿੱਚ ਵੀ ਸਲੀਕਾ ਸੀ।ਸ਼ਾਇਦ ਇਹ ਗੁਣ ਉਨ੍ਹਾਂ ਨੂੰ ਆਪਣੇ ਪਿਤਾ ਜੀ ਤੋਂ ਮਿਲੇ ਸਨ ਜੋ ਸ਼ਾਹੀ ਨੌਕਰੀ ਦੌਰਾਨ ਪਰਿਪੱਕ ਹੋ ਗਏ ਸਨ।ਸਾਫ਼ ਸੁਥਰਾ ਪਹਿਰਾਵਾ,ਸੰਤੁਲਿਤ ਅਤੇ ਸੰਜਮੀ ਭੋਜਨ, ਸੁਲਝੇ ਹੋਏ ਸ਼ਬਦ ਅਤੇ ਮਸਤਾਨੀ ਚਾਲ।ਕਿਸੇ ਨੂੰ ਝਿੜਕਣ ਸਮੇਂ ਵੀ ਉਹ ਕੌੜੇ ਸ਼ਬਦਾਂ ਦਾ ਇਸਤੇਮਾਲ ਨਹੀਂ ਕਰਦੇ ਸਨ।ਬੋਲਾਂ ਵਿੱਚ ਏਨੀ ਦ੍ਰਿੜ੍ਹਤਾ ਕਿ ਕੋਈ ਉਨ੍ਹਾਂ ਦੇ ਸੁਝਾਅ,ਫ਼ੈਸਲੇ ਅਤੇ ਸਲਾਹ ਨੂੰ ਟਾਲ ਨਹੀਂ ਸੀ ਸਕਦਾ।ਜੇ ਕਿਤੇ ਸੈਣੀ ਭਵਨ ਲਈ ਪੈਸੇ ਇਕੱਠੇ ਕਰਨ ਦੀ ਗੱਲ ਚੱਲਦੀ ਤਾਂ ਸਭ ਤੋਂ ਪਹਿਲਾਂ ਆਪ ਦਾਨ-ਰਾਸ਼ੀ ਦਾ ਐਲਾਨ ਕਰਨਾ।ਉਹ ਹਰ ਕੰਮ ਵਿੱਚ ਪੂਰਨਤਾ ਅਤੇ ਗੁਣਵੱਤਾ ਦੀ ਮੰਗ ਕਰਦੇ ਸਨ।ਕੰਮ-ਚਲਾਊ ਜੁਗਾੜ ਨੂੰ ਉਹ ਬਿਲਕੁਲ ਪਸੰਦ ਨਹੀਂ ਕਰਦੇ ਸਨ।ਉਨ੍ਹਾਂ ਵਿੱਚ ਅੰਤਾਂ ਦਾ ਠਰੰਮਾ ਸੀ।ਜੇ ਸੈਣੀ ਭਵਨ ਵਿੱਚ ਮੀਟਿੰਗ ਸਮੇਂ ਮੈਂਬਰਾਂ ਵਿਚਕਾਰ ਕਿਸੇ ਮਸਲੇ 'ਤੇ ਮੱਤਭੇਦ ਹੋ ਜਾਂਦੇ ਅਤੇ ਕੋਈ ਮੰਦਭਾਗਾ ਫ਼ੈਸਲਾ ਲੈਣ ਦੀ ਮੰਗ ਉੱਠਦੀ ਤਾਂ ਉਹ ਨਿਮਰਤਾ ਨਾਲ ਆਖਦੇ," ਕੋਈ ਗੱਲ ਨਹੀਂ ।ਸੰਸਥਾ ਵਿੱਚ ਹਰ ਕਿਸਮ ਦੇ ਬੰਦੇ ਹੁੰਦੇ ਹਨ। ਸਾਨੂੰ ਹਰ ਇੱਕ ਦੇ ਵਿਚਾਰ ਸੁਣਨ ਅਤੇ ਸਹਾਰਨ ਦੀ ਆਦਤ ਪਾਉਣੀ ਚਾਹੀਦੀ ਹੈ"। ਮੈਨੂੰ ਸੈਣੀ ਭਵਨ ਦੀ ਪ੍ਰਧਾਨਗੀ ਸੌਂਪਦਿਆਂ ਵੀ ਆਖਿਆ ਸੀ, "ਇਹ ਪਹਿਲਾਂ ਹੀ ਸਮਝ ਲਓ ਕਿ ਇੱਥੇ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਨ 'ਤੇ ਵੀ ਨੁਕਤਾਚੀਨੀ ਹੀ ਪੱਲੇ ਪੈਣੀ ਹੈ।ਕਿਸੇ ਪ੍ਰਕਾਰ ਦੀ ਪ੍ਰਸ਼ੰਸਾ ਅਤੇ ਸ਼ਾਬਾਸ਼ ਦੀ ਉਮੀਦ ਨਾ ਕਰਨਾ।ਬੱਸ ਆਪਣੇ ਮਨ ਦੀ ਤਸੱਲੀ ਲਈ ਅਤੇ ਸਮਾਜ ਦੀ ਸੇਵਾ ਲਈ ਪੂਰੀ ਤਨਦੇਹੀ ਨਾਲ ਕੰਮ ਕਰੀ ਜਾਣਾ।ਲੋਕ ਬਥੇਰਾ ਕੁੱਝ ਬੋਲਣਗੇ।ਸੁਣੀ ਜਾਣਾ ਪਰ ਰੁਕਣਾ ਨਹੀਂ"।

ਮੁੰਦਰ ਸਾਹਿਬ ਸੁਭਾ ਦੇ ਆਸ਼ਾਵਾਦੀ ਅਤੇ ਨਿਸ਼ਠਾਵਾਨ ਸਨ।ਉਹ ਔਖੇ ਤੋਂ ਔਖੇ ਹਾਲਾਤਾਂ ਨੂੰ ਝੇਲ ਸਕਣ ਦੇ ਸਮਰੱਥ ਸਨ।ਉਹ ਆਪਣੇ ਇਰਾਦੇ ਦੇ ਪੱਕੇ ਪਰੰਤੂ ਸੁਭਾ ਦੇ ਸ਼ੁਗਲੀ ਸਨ।ਆਪਣੇ ਪੁਰਾਣੇ ਅਤੇ ਜਿਗਰੀ ਦੋਸਤ ਲੰਬੜਦਾਰ ਪ੍ਰੀਤਮ ਸਿੰਘ ਨੂੰ ਉਹ ਸਹਿਜ ਸੁਭਾ ਹੀ ਅਜਿਹੀ ਗੱਲ ਕਹਿ ਦਿੰਦੇ ਸਨ ਜਿਸ ਨਾਲ ਗਾਲ਼ਾਂ ਦੀ ਬੁਛਾੜ ਪੈਣ ਲਗਦੀ ਜਿਨ੍ਹਾਂ ਦੀ ਉਨ੍ਹਾਂ ਨੂੰ ਉਡੀਕ ਹੁੰਦੀ ਸੀ। ਉਹ ਆਮ ਹੀ ਕਿਹਾ ਕਰਦੇ ਸਨ ," ਲੰਬੜਦਾਰ ਦੀਆਂ ਗਾਲ਼ਾਂ ਤੋਂ ਬਿਨਾ ਮਾਹੌਲ ਖੁਸ਼ਕ ਰਹਿੰਦਾ ਹੈ"।ਉਨ੍ਹਾਂ ਦੇ ਬੋਲਾਂ ਵਿੱਚ ਸਚਾਈ ਅਤੇ ਸਪਸ਼ਟਤਾ ਹੋਇਆ ਕਰਦੀ ਸੀ। ਹੁਣ ਭਾਵੇਂ ਉਨ੍ਹਾਂ ਦੀ ਜ਼ੁਬਾਨ ਕੰਬਣ ਲਗ ਪਈ ਸੀ ਅਤੇ ਉਹ ਭਾਸ਼ਣ ਦੇਣ ਤੋਂ ਗੁਰੇਜ਼ ਕਰਨ ਲੱਗੇ ਸਨ ਪਰ ਅਪ੍ਰੈਲ 2017 ਵਿੱਚ ਸੈਣੀ ਭਵਨ ਦੇ ਸਾਲਾਨਾ ਸੈਣੀ ਸੰਮੇਲਨ ਸਮੇਂ ਦਿੱਤੀ ਉਨ੍ਹਾਂ ਦੀ ਧੰਨਵਾਦੀ ਤਕਰੀਰ ਨੂੰ ਸਰੋਤੇ ਹਮੇਸ਼ਾਂ ਯਾਦ ਰੱਖਣਗੇ। ਉਨ੍ਹਾਂ ਨੇ ਅਜਿਹੇ ਜੋਸ਼ ਨਾਲ ਸੈਣੀ ਬਰਾਦਰੀ ਦੇ ਲੋਕਾਂ ਨੂੰ ਆਪਸੀ ਭਾਈਚਾਰਾ ਕਾਇਮ ਕਰਨ ਅਤੇ ਏਕਤਾ ਰੱਖਣ ਲਈ ਵੰਗਾਰਿਆ ਕਿ ਹਾਲ ਵਿੱਚ ਘੁਸਰ ਮੁਸਰ ਹੋਣ ਲਗ ਪਈ।

ਮੁੰਦਰ ਸਾਹਿਬ ਹਮੇਸ਼ਾਂ ਹੀ ਕ੍ਰਿਆਸ਼ੀਲ ਅਤੇ ਚੁਸਤ ਰਹਿੰਦੇ ਸਨ। ਸਵੇਰ ਸਮੇਂ ਕੁੱਝ ਯੋਗ ਅਭਿਆਸ ਕਰਨਾ, ਆਪਣੇ ਬਗੀਚੇ ਦੇ ਬੂਟਿਆਂ ਨੂੰ ਪਾਣੀ ਦੇਣਾ ਅਤੇ ਉਨ੍ਹਾਂ ਦੀ ਕਾਂਟਛਾਂਟ ਕਰਨੀ ਮੁੰਦਰਾ ਜੀ ਦਾ ਨਿੱਤਨੇਮ ਸੀ।ਲੋੜ ਪੈਣ 'ਤੇ ਆਪਣੇ ਘਰ ਦੇ ਵਿਹੜੇ ਦੀ ਸਫ਼ਾਈ ਵੀ ਆਪ ਹੀ ਕਰ ਲੈਂਦੇ ਸਨ।ਉਨ੍ਹਾਂ ਦਾ ਆਪਣੇ ਭਾਣਜੇ- ਭਤੀਜਿਆਂ ਅਤੇ ਹੋਰ ਸਬੰਧੀਆਂ ਨਾਲ ਵਰਤਾਵ ਸਨੇਹਪੂਰਨ ਅਤੇ ਕਪਟਰਹਿਤ ਸੀ।ਇਹ ਹੀ ਕਾਰਨ ਸੀ ਕਿ ਸਾਰੇ ਉਨ੍ਹਾਂ ਦਾ ਬਹੁਤ ਮਾਣ ਸਤਿਕਾਰ ਕਰਦੇ ਸਨ।ਉਨ੍ਹਾਂ ਨੇ ਜ਼ਿੰਦਗੀ ਨੂੰ ਭਰਪੂਰ ਅਤੇ ਸੰਪੂਰਨ ਰੂਪ ਵਿੱਚ ਮਾਣਿਆ।

ਸੈਣੀ ਭਵਨ ਐਹੋ ਜਿਹੇ ਚਾਨਣ ਮੁਨਾਰੇ ਤੋਂ ਵਾਂਝਾ ਹੋ ਗਿਆ ਹੈ।ਇਸ ਖੱਪੇ ਨੂੰ ਭਰਨਾ ਆਸਾਨ ਨਹੀਂ।ਪਰ ਕੁਦਰਤ ਦੇ ਨਿਯਮ ਅਟੱਲ ਹਨ ਜਿਨ੍ਹਾਂ ਅੱਗੇ ਮਨੁੱਖ ਨਿਹੱਥਾ ਹੈ।ਮੌਤ ਤਾਂ ਅਜਿਹਾ ਸੱਚ ਹੈ ਜੋ ਜਨਮ ਸਮੇਂ ਹੀ ਨਿਸ਼ਚਿਤ ਹੋ ਜਾਂਦਾ ਹੈ।

ਸਭ ਨੇ ਇੱਥੋਂ ਚਲੇ ਹੈ ਜਾਣਾ,ਜੋ ਜੰਮਿਆਂ ਉਸ ਮਰ ਹੈ ਜਾਣਾ ।
ਜੀਵਨ ਚਲੋ ਚਲੀ ਦਾ ਮੇਲਾ,ਫਿਰ ਕਿਉਂ ਹੋਵੇ ਕੋਈ ਝਮੇਲਾ ।
ਕਾਹਦਾ ਹੈ ਫਿਰ ਰੋਣਾ ਧੋਣਾ,ਜਦ ਤੱਕ ਜੀਓ ਨਿੱਠ ਕੇ ਜੀਓ ।
ਨਾ ਕੁੱਝ ਤੇਰਾ ਨਾ ਕੁੱਝ ਮੇਰਾ,ਦੁਨੀਆਂ ਤਾਂ ਬੱਸ ਰੈਣ ਬਸੇਰਾ ।

ਅਲਵਿਦਾ ! ਅਲਵਿਦਾ ! ਮੁੰਦਰਾ ਸਾਹਿਬ

ਸੰਪਾਦਕੀ

# ਸੈਣੀ ਭਵਨ ਉਦਾਸ ਹੈ

ਅਜਮੇਰ ਸਿੰਘ (ਡਾ.)



ਕਿਸੇ ਦਾ ਪਿਆਰਾ ਥੋੜ੍ਹੀ ਦੇਰ ਲਈ ਵਿੱਛੜ ਜਾਵੇ ਤਾਂ ਉਹ ਉਦਾਸ ਹੋ ਜਾਂਦਾ ਹੈ । ਸੈਣੀ ਭਵਨ ਰੂਪਨਗਰ ਤਾਂ ਹਮੇਸ਼ਾਂ ਹਮੇਸ਼ਾਂ ਲਈ ਆਪਣੇ ਦਿਲਦਾਰ ਤੋਂ ਵਾਂਝਾ ਹੋ ਗਿਆ ਹੈ । ਇੱਥੇ ਤਾਂ ਸੁੰਨਮਸਾਨ ਛਾ ਗਈ ਹੈ । ਇਹ ਪਿਆਰਾ ਸੀ ਇਸ ਦਾ ਦਿਲੋ ਦਿਮਾਗ ਸ੍ਰੀ ਲੇਖ ਰਾਜ ਮੁੰਦਰਾ ਜੋ ਕਿ 5 ਜੂਨ 2017 ਦੇ ਮਨਹੂਸ ਦਿਨ ਇਸ ਨੂੰ ਵਿਛੋੜਾ ਦੇ ਗਿਆ । ਇਹ ਮੁੰਦਰਾ ਸਾਹਿਬ ਹੀ ਸਨ ਜਿਨ੍ਹਾਂ ਨੇ ਆਪਣੇ ਕੁੱਝ ਹੋਰ ਸਾਥੀਆਂ ਨਾਲ ਮਿਲ ਕੇ ਸੈਣੀ ਭਵਨ ਦੀ ਉਜਾੜ ਅਤੇ ਸ਼ਹਿਰ ਦੇ ਗੰਦ ਨਾਲ ਭਰੀ ਥਾਂ 'ਤੇ ਇੱਕ ਆਲੀਸ਼ਾਨ ਇਮਾਰਤ ਖੜ੍ਹੀ ਕਰ ਕੇ ਇਸ ਨੂੰ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਬਣਾ ਦਿੱਤਾ । ਇਹ ਕੋਈ ਸੌਖਾ ਕੰਮ ਨਹੀਂ ਸੀ । ਇਸ ਕਠਿਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਨਾ ਕੇਵਲ ਉਨ੍ਹਾਂ ਨੂੰ ਦਰ ਦਰ ਜਾ ਕੇ ਪੱਲਾ ਫੈਲਾਉਣਾ ਪਿਆ ਸਗੋਂ ਆਪਣੀ ਦਿਆਨਤਦਾਰੀ ਵੀ ਸਿੱਧ ਕਰਨੀ ਪਈ । ਇਸ ਕਠਿਨ ਪ੍ਰੀਖਿਆ ਅਤੇ ਕਾਰਜ ਵਿੱਚ ਉਹ ਕਾਮਯਾਬ ਵੀ ਹੋਏ ।

ਸ੍ਰੀ ਲੇਖ ਰਾਜ ਮੁੰਦਰਾ ਜੀ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਸਨ । ਉਨ੍ਹਾਂ ਨੂੰ ਵਿਅਕਤੀ ਦੀ ਬਜਾਏ ਸੰਸਥਾ ਕਹਿਣਾ ਜ਼ਿਆਦਾ ਠੀਕ ਹੋਵੇਗਾ। ਉਹ ਇੱਕੋ ਸਮੇ ਮਜ਼ਲੂਮ ਲਈ ਅਤਿ ਦੇ ਕਿਰਪਾਲੂ ਅਤੇ ਡਾਢੇ ਲਈ ਕਠੋਰ ਸਨ। ਰਾਸ਼ਟਰਪਤੀ ਭਵਨ ਦੀਆਂ ਸ਼ਾਹਾਨਾ ਸੁੱਖ ਸੁਵਿਧਾਵਾਂ ਵੀ ਉਨ੍ਹਾਂ ਨੂੰ ਆਪਣੇ ਵਡੇਰਿਆਂ ਤੋਂ ਦੂਰ ਨਹੀਂ ਕਰ ਸਕੀਆਂ। ਇਹ ਹੀ ਕਾਰਨ ਸੀ ਕਿ ਆਪ ਦਿੱਲੀ ਪੁਲਿਸ ਦੇ ਸਹਾਇਕ ਕਮਿਸ਼ਨਰ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਆਪਣੇ ਪਿੰਡ ਹਵੇਲੀ ਕਲਾਂ ਵਿੱਚ ਆ ਵਸੇ। ਇੱਥੇ ਆ ਕੇ ਵੀ ਉਹ ਆਰਾਮ ਨਾਲ ਨਹੀਂ ਬੈਠੇ ਅਤੇ ਰੋਟਰੀ ਕਲੱਬ ਦੇ ਪ੍ਰਧਾਨ ਬਣ ਕੇ ਸਮਾਜਸੇਵਾ ਦੇ ਕੰਮ ਵਿੱਚ ਜੁਟ ਗਏ । ਜਦੋਂ ਉਨ੍ਹਾਂ ਦਾ ਧਿਆਨ ਸੈਣੀ ਬਰਾਦਰੀ ਦੀ ਮਾੜੀ ਵਿਤੀ ਹਾਲਤ ਵੱਲ ਗਿਆ ਤਾਂ ਇਸ ਵਿੱਚ ਸੁਧਾਰ ਕਰਨ ਦਾ ਬੀੜਾ ਚੁੱਕ ਲਿਆ। ਇਸ ਨਿਵੇਕਲੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕਿਸੇ ਕੇਂਦਰੀ ਸਥਾਨ ਦਾ ਹੋਣਾ ਜ਼ਰੂਰੀ ਸੀ।ਇਸ ਲਈ ਉਨ੍ਹਾਂ ਨੇ ਸੈਣੀ ਭਵਨ ਦੀ ਉਸਾਰੀ ਕਰਨ ਲਈ ਦਿਨ ਰਾਤ ਇੱਕ ਕਰ ਦਿੱਤਾ।ਇਸ ਇਮਾਰਤ ਵਿੱਚ ਸਮਾਜ ਅਤੇ ਸੈਣੀ ਬਰਾਦਰੀ ਦੀ ਬਿਹਤਰੀ ਲਈ ਪਹਿਲਾਂ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਅਤੇ ਫਿਰ ਸੈਣੀ ਐਜੂਕੇਸ਼ਨ ਚੈਰੀਟੇਬਲ ਟਰੱਸਟ ਸਥਾਪਿਤ ਕਰਕੇ ਪੰਜਾਬ ਸਰਕਾਰ ਪਾਸ ਰਜਿਸਟਰ ਕਰਵਾਏ।ਇਨ੍ਹਾਂ ਕੰਮਾਂ ਲਈ ਲੋੜੀਂਦੀ ਮਾਇਆ ਵਿੱਚ ਯੋਗਦਾਨ ਸਭ ਤੋਂ ਪਹਿਲਾਂ ਆਪਣੀ ਜੇਬ੍ਹ 'ਚੋਂ ਪਾਇਆ ਅਤੇ ਫਿਰ ਲੋਕਾਂ ਤੋਂ ਮੰਗਣ ਗਏ।

ਦੁਨਿਆਵੀ ਕੰਮਾਂ ਦੇ ਨਾਲ ਨਾਲ ਉਨ੍ਹਾਂ ਨੇ ਆਪਣਾ ਰੂਹਾਨੀ ਵਿਕਾਸ ਵੀ ਜਾਰੀ ਰੱਖਿਆ। ਉਨ੍ਹਾਂ ਨੇ ਰੂਪਨਗਰ ਵਿੱਚ ਰਾਧਾ ਸੁਆਮੀ ਸਤਸੰਗ ਯੂਨਿਟ ਸਥਾਪਿਤ ਕੀਤਾ ਅਤੇ ਇਸ ਦੇ ਸੈਕਟਰੀ ਬਣ ਕੇ ਸੇਵਾ ਕਰਨ ਲਗ ਪਏ ਜੋ ਉਨ੍ਹਾਂ ਨੇ ਕਈ ਸਾਲਾਂ ਤੱਕ ਨਿਭਾਈ।ਉਨ੍ਹਾਂ ਨੇ ਬੇਸਹਾਰਾ ਬਜ਼ੁਰਗਾਂ ਦੀ ਮਾੜੀ ਹਾਲਤ ਦੇਖੀ ਤਾਂ ਆਪਣੀ ਪਤਨੀ ਸਵਰਗਵਾਸੀ ਸ਼੍ਰੀਮਤੀ ਸਰਸਵਤੀ ਦੇਵੀ ਜੀ ਦੀ ਯਾਦ ਵਿੱਚ ਆਪਣੇ ਰਿਹਾਇਸ਼ੀ ਘਰ ਨੂੰ ਬਜ਼ੁਰਗਾਂ ਦਾ 'ਆਪਣਾ ਘਰ' ਬਣਾ ਦਿੱਤਾ ਜਿਸ ਦੀ ਦੇਖ ਰੇਖ ਲਈ ਵੀ ਇੱਕ ਟਰੱਸਟ ਦਾ ਗਠਨ ਕਰਕੇ ਉਸ ਨੂੰ ਰਜਿਸਟਰ ਕਰਵਾ ਲਿਆ।ਇਸ ਅਦਾਰੇ ਦਾ ਸਾਰਾ ਖਰਚ ਉਹ ਆਪਣੀ ਜੇਬ੍ਹ ਵਿੱਚੋਂ ਅਤੇ ਆਪਣੇ ਚਹੇਤੇ ਸੱਜਣਾਂ ਤੋਂ ਹਾਸਲ ਕੀਤੀ ਦਾਨ ਰਾਸ਼ੀ ਵਿੱਚੋਂ ਕਰਦੇ ਸਨ।

ਮੁੰਦਰਾ ਸਾਹਿਬ ਅੱਤਿ ਦੇ ਦਿਆਲੂ,ਦਾਨੀ ਤੇ ਤਿਆਗੀ ਪੁਰਸ਼ ਸਨ।ਕਿਸੇ ਗਰੀਬ ਦੀ ਅੱਖ ਵਿੱਚੋਂ ਡਿਗਿਆ ਇੱਕ ਅੱਥਰੂ ਹੀ ਉਨ੍ਹਾਂ ਦੇ ਦਿਲ ਨੂੰ ਪਿਘਲਾ ਦੇਣ ਲਈ ਕਾਫੀ ਸੀ।ਉਨ੍ਹਾਂ ਨੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਪਾਸ 71 ਲੱਖ 54 ਹਜ਼ਾਰ ਰੁਪਏ ਦੀ ਰਾਸ਼ੀ ਜਮ੍ਹਾਂ ਕਰਵਾਈ ਹੋਈ ਹੈ ਜਿਸ ਦੇ ਵਿਆਜ ਨਾਲ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਜ਼ੀਫ਼ੇ ਦਿੱਤੇ ਜਾਂਦੇ ਹਨ।ਇਨ੍ਹਾਂ ਵਿੱਚੋਂ ਇੱਕ ਵਜ਼ੀਫ਼ਾ 25000 ਰੁਪਏ ਮਾਸਿਕ ਦਾ ਹੈ ਜੋ ਕਿ ਦੇਸ਼ ਦੀ ਕਿਸੇ ਉੱਚਕੋਟੀ ਸੰਸਥਾ ਵਿੱਚ ਖੋਜ ਕਾਰਜ ਜਾਂ ਪੋਸਟ ਗ੍ਰੈਜੂਏਸ਼ਨ ਕਰ ਰਹੇ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ।ਇਹ ਹੀ ਨਹੀਂ ਮੁੰਦਰਾ ਸਾਹਿਬ ਦੇ ਦਰ 'ਤੇ ਆਇਆ ਕੋਈ ਵੀ ਲੋੜਵੰਦ ਨਿਰਾਸ਼ ਹੋ ਕੇ ਨਹੀਂ ਜਾਂਦਾ ਸੀ।ਉਨ੍ਹਾਂ ਦੀ ਬੇਨਤੀਨੁਮਾ ਪ੍ਰੇਰਨਾ ਵਿੱਚ ਵੀ ਇੰਨਾ ਬਲ ਸੀ ਕਿ ਕੋਈ ਪੈਸੇ ਦੇਣ ਤੋਂ ਉਨ੍ਹਾਂ ਨੂੰ ਇਨਕਾਰ ਨਹੀਂ ਕਰਦਾ ਸੀ। ਉਨ੍ਹਾਂ ਦੀ ਪ੍ਰੇਰਨਾ ਅਤੇ ਵਿਸ਼ਵਾਸ ਸਦਕਾ ਦਰਜਨਾ ਦਾਨੀ ਪੁਰਸ਼ਾਂ ਨੇ ਗਰੀਬ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇਣ ਲਈ ਸੈਣੀ ਭਵਨ ਪਾਸ ਲੱਖਾਂ ਰੁਪਏ ਜਮ੍ਹਾਂ ਕਰਵਾਏ ਹੋਏ ਹਨ।

ਉਹ ਅਕਸਰ ਕਿਹਾ ਕਰਦੇ ਸਨ ਕਿ ਸੈਣੀ ਭਵਨ ਦੀ ਸਥਾਪਨਾ ਕੀਤੀ ਹੀ ਗਰੀਬਾਂ ਦੀ ਮਦਦ ਕਰਨ ਲਈ ਸੀ। ਇੱਕ ਵਾਰ ਇੱਕ ਬੇਸਹਾਰਾ ਔਰਤ ਆਪਣੇ ਐੱਮ.ਡੀ. ਕਰਦੇ ਪੁੱਤਰ ਦੀ ਫ਼ੀਸ ਭਰਨ ਲਈ ਪੰਜ ਲੱਖ ਰੁਪਏ ਦੀ ਮੰਗ ਲੈ ਕੇ ਸੈਣੀ ਭਵਨ ਵਿੱਚ ਆਈ ਤਾਂ ਸਾਰੇ ਇੱਕਦਮ ਠਠੰਬਰ ਜਿਹੇ ਗਏ ਪਰ ਮੁੰਦਰਾ ਸਾਹਿਬ ਨੇ ਹੁਕਮ ਕਰ ਦਿੱਤਾ ਕਿ ਇਸ ਨੂੰ ਨਿਰਾਸ਼ ਹੋ ਕੇ ਵਾਪਿਸ ਨਹੀਂ ਜਾਣ ਦੇਣਾ। ਉਨ੍ਹਾਂ ਨੇ ਆਪਣੀ ਜੇਬ੍ਹ ਵਿੱਚ ਪਏ ਪੰਜ ਹਜ਼ਾਰ ਰੁਪਏ ਮੌਕੇ 'ਤੇ ਹੀ ਉਸ ਔਰਤ ਨੂੰ ਫੜਾਂਦਿਆਂ ਕਿਹਾ "ਤੂੰ ਹੁਣ ਦਾ ਸਾਰ। ਫ਼ਿਕਰ ਨਾ ਕਰ ਇੱਕ ਹਫ਼ਤੇ ਵਿੱਚ ਤੈਨੂੰ 5 ਲੱਖ ਵੀ ਕਰ ਦਿਆਂਗੇ"।ਉਨ੍ਹਾਂ ਨੇ ਆਪਣਾ ਵਾਅਦਾ ਪੁਗਾਇਆ ਵੀ।ਉਨ੍ਹਾਂ ਨੇ ਸਮੇਂ ਸਮੇਂ



## ਸ੍ਰੀ ਐਲ.ਆਰ. ਮੁੰਦਰਾ ਦੇ ਜੀਵਨ ਤੇ ਇੱਕ ਝਾਤ

ਰਾਜਿੰਦਰ ਸੈਣੀ
ਸੈਣੀ ਭਵਨ ਰੂਪਨਗਰ

ਆਪਣੇ ਨਿੱਜੀ ਸਵਾਰਥ ਤੋਂ ਉਪਰ ਉੱਠਕੇ ਜੋ ਲੋਕ ਸਮਾਜ ਦੇ ਲੋੜਵੰਦਾਂ ਦੀ ਬੇਹਤਰੀ, ਭਲਾਈ ਤੇ ਵਿਕਾਸ ਲਈ ਲੋਚਦੇ ਹਨ, ਉਨ੍ਹਾਂ ਦਾ ਨਾਂ ਸਦਾ ਸਦਾ ਲਈ ਅਮਰ ਹੋ ਜਾਂਦਾ ਹੈ। ਅਜਿਹੀ ਹੀ ਉਸਾਰੂ ਸੋਚ ਦੇ ਧਾਰਨੀ ਅਤੇ ਸਮਾਜਸੇਵਾ ਨੂੰ ਸਮਰਪਿਤ ਰਹੇ ਮਹਾਂਦਾਨੀ ਸ਼੍ਰੀ ਲੇਖ ਰਾਜ ਮੁੰਦਰਾ। ਪ੍ਰਮਾਤਮਾ ਦੀ ਰਜ਼ਾ 'ਚ ਰਹਿਣ ਵਾਲੇ ਸ਼੍ਰੀ ਮੁੰਦਰਾ ਨੇ ਆਪਣੀ ਲੰਮੀ ਉਮਰ ਦੌਰਾਨ ਨੇਕ ਨੀਤੀ ਨਾਲ ਸਮਾਜ ਦੀ ਸੇਵਾ ਕੀਤੀ। ਉਨ੍ਹਾਂ ਦਾ ਜਨਮ ਰੋਪੜ (ਰੂਪਨਗਰ) ਸ਼ਹਿਰ ਦੇ ਵਾਰਡ ਨੰਬਰ ਇੱਕ ਅਧੀਨ ਪਿੰਡ ਹਵੇਲੀ ਕਲਾਂ 'ਚ ਪਿਤਾ ਚੌਧਰੀ ਮੁਨਸ਼ੀ ਰਾਮ ਅਤੇ ਮਾਤਾ ਸ਼੍ਰੀਮਤੀ ਆਤਮਾ ਦੇਵੀ ਦੇ ਘਰ ਪਹਿਲੀ ਅਕਤੂਬਰ 1921 ਨੂੰ ਹੋਇਆ। ਆਪਣੀ ਜਿੰਦਗੀ ਦੇ 95 ਸਾਲ 8 ਮਹੀਨੇ 5 ਦਿਨ ਦਾ ਸਫਰ ਪੂਰਾ ਕਰਕੇ ਸ਼੍ਰੀ ਮੁੰਦਰਾ 5 ਜੂਨ 2017 ਨੂੰ ਇਸ ਸੰਸਾਰ ਤੋਂ ਅਲਵਿਦਾ ਹੋ ਗਏ। ਉਹ ਆਪਣੇ ਤਿੰਨ ਭਰਾਵਾਂ ਵਿੱਚੋ ਸਭ ਤੋਂ ਛੋਟੇ ਸਨ। ਉਨ੍ਹਾਂ ਨੇ 22 ਫਰਵਰੀ 1945 ਨੂੰ ਸ਼੍ਰੀਮਤੀ ਸਰਸਵਤੀ ਦੇਵੀ ਨੂੰ ਆਪਣਾ ਜੀਵਨ ਸਾਥੀ ਬਣਾਇਆ, ਜੋ 7 ਮਈ 2006 ਨੂੰ ਆਪਣੀ ਜੀਵਨ-ਯਾਤਰਾ ਪੂਰੀ ਕਰਕੇ ਪ੍ਰਲੋਕ ਸਿਧਾਰ ਗਏ ਸਨ। ਉਨ੍ਹਾਂ ਦੀ ਆਪਣੀ ਕੋਈ ਸੰਤਾਨ ਨਹੀਂ ਹੈ। ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਜੋ ਨਾਮਣਾ ਕਮਾਇਆ ਹੈ ਉਹ ਭੁਲਾਇਆ ਨਹੀਂ ਜਾ ਸਕਦਾ। ਆਪ ਮਾਨਵਤਾ ਦੀ ਸੇਵਾ ਨੂੰ ਈਸ਼ਵਰ ਦੀ ਭਗਤੀ ਸਮਝਦੇ ਸਨ। ਇਨ੍ਹਾਂ ਨੇ ਆਪਣੀ ਪ੍ਰਾਇਮਰੀ ਸਿੱਖਿਆ ਨਾਭਾ-ਧੂਰੀ ਰੇਲਵੇ ਲਾਇਨ 'ਤੇ ਸਥਿਤ ਪਿੰਡ ਛੀਂਟਾਂਵਾਲਾ ਤੋਂ ਅਰੰਭ ਕੀਤੀ, ਜਿੱਥੇ ਇਨ੍ਹਾਂ ਦੇ ਪਿਤਾ ਲੰਮੇ ਸਮੇਂ ਤੱਕ ਸਟੇਸ਼ਨ ਮਾਸਟਰ ਤੈਨਾਤ ਰਹੇ ਸਨ। ਇਸ ਉਪਰੰਤ ਮੈਟ੍ਰਿਕ ਡੀ.ਏ.ਵੀ. ਸਕੂਲ ਰੂਪਨਗਰ ਤੋਂ ਕੀਤੀ। ਸ਼੍ਰੀ ਮੁੰਦਰਾ ਨੇ ਦਿੱਲੀ ਯੂਨੀਵਰਸਿਟੀ ਤੋਂ ਬੀ.ਏ.ਪਾਸ ਕੀਤੀ ਅਤੇ 26 ਜੂਨ 1941 ਤੋਂ ਤਿੰਨ ਮਈ 1947 ਤੱਕ ਰਾਇਲ ਇੰਡਿਅਨ ਏ.ਐਸ.ਸੀ. ਵਿੱਚ ਬਤੌਰ ਵਾਇਸਰਾਏਜ਼ ਕਮੀਸ਼ਨਡ ਅਫਸਰ ਵਜੋਂ ਸੇਵਾ ਨਿਭਾਈ। ਦੂਸਰੇ ਵਿਸ਼ਵ ਯੁੱਧ ਸਮੇਂ ਤਿੰਨ ਸਾਲ ਮਿਡਲ ਈਸਟ (ਯੂਐਸਆਰ ਅਤੇ ਲਿਬੀਆ ਮਾਰੂਥਲ) ਵਿਚ 8ਵੀਂ ਆਰਮੀ ਨਾਲ ਸੇਵਾ ਨਿਭਾਈ ਅਤੇ ਨੋਰਥ ਅਮਰੀਕਾ ਸਟਾਰ, ਵਾਰ ਮੈਡਲ ਤੇ 1939-45 ਮੈਡਲ ਦੇ ਐਵਾਰਡ ਪ੍ਰਾਪਤ ਕੀਤੇ। ਇਸ ਉਪਰੰਤ 3 ਨਵੰਬਰ 1948 ਨੂੰ ਦਿੱਲੀ ਪੁਲਿਸ ਵਿੱਚ ਸਬ ਇੰਸਪੈਕਟਰ ਵਜੋਂ ਸੇਵਾ ਅਰੰਭ ਕੀਤੀ ਅਤੇ ਪੁਲਿਸ ਸੇਵਾ ਦੌਰਾਨ ਵੱਖ ਵੱਖ ਪਦਵੀਆਂ 'ਤੇ ਤੈਨਾਤ ਰਹੇ। ਇਹਨਾਂ ਨੇ 1967 ਅਤੇ 1968 ਵਿੱਚ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ ਸਮੇਂ ਦਿੱਲੀ ਪੁਲਿਸ ਦੇ ਪਰੇਡ ਕਮਾਂਡਰ ਵਜੋਂ ਅਗਵਾਈ ਕੀਤੀ।





ਸ਼੍ਰੀ ਮੁੰਦਰਾ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੋਇਆ ਕਿ ਇਹਨਾਂ ਦੇਸ਼ ਦੇ ਤਿੰਨ ਪ੍ਰਧਾਨ ਮੰਤਰੀਆਂ ਪੰਡਤ ਜਵਾਹਰ ਲਾਲ ਨਹਿਰੂ, ਸ੍ਰੀ ਲਾਲ ਬਹਾਦਰ ਸ਼ਾਸਤਰੀ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦੇ ਨਿੱਜੀ ਸੁਰੱਖਿਆ ਸਟਾਫ ਵਿੱਚ ਕੰਮ ਕੀਤਾ। ਇਸ ਤੋਂ ਵੀ ਵੱਡੀ ਮਾਣ ਵਾਲੀ ਗੱਲ ਇਹਨਾਂ ਲਈ ਇਹ ਸੀ ਕਿ ਉਨ੍ਹਾਂ ਨੇ ਇਸ ਸੇਵਾ ਦੌਰਾਨ ਭਾਰਤ ਦੇ ਰਾਸ਼ਟਰਪਤੀ ਸ਼੍ਰੀ ਐਨ. ਸੰਜੀਵਾ ਰੈਡੀ ਦਾ ਨਿੱਜੀ ਸੁਰੱਖਿਆ ਅਧਿਕਾਰੀ ਵਜੋਂ ਤਿੰਨ ਸਾਲ ਕੰਮ ਕੀਤਾ ਅਤੇ ਸੇਵਾਮੁਕਤੀ ਤੱਕ 31 ਅਕਤੂਬਰ 1979 ਤੱਕ ਇਸੇ ਅਹੁਦੇ ਤੇ ਬਣੇ ਰਹੇ। ਇਹਨਾਂ ਨੂੰ ਸ਼ਾਨਦਾਰ ਸੇਵਾਵਾਂ ਲਈ ਰਿਪਬਲਿਕ ਡੇ ਪੁਲਿਸ ਮੈਡਲ ਅਤੇ ਇੰਡੋ-ਪਾਕ ਵਾਰ ਮੈਡਲ ਦਾ ਇਨਾਮ ਵੀ ਮਿਲਿਆ।

ਸੇਵਾਮੁਕਤੀ ਤੋਂ ਬਾਦ ਰਾਜਧਾਨੀ ਸ਼ਹਿਰ ਦਿੱਲੀ ਨੂੰ ਅਲਵਿਦਾ ਕਹਿ ਕੇ ਆਪ ਨੇ ਆਪਣੀ ਜਨਮ ਭੂਮੀ ਨਾਲ ਜੁੜੇ ਰਹਿਣ ਨੂੰ ਤਰਜੀਹ ਦਿੱਤੀ ਅਤੇ ਰੂਪਨਗਰ (ਰੋਪੜ) ਆਪਣੇ ਪਿੰਡ ਹਵੇਲੀ ਕਲਾਂ ਵਿਖੇ ਰਹਿਣ ਲੱਗੇ ਅਤੇ ਬਹੁਤ ਸਾਰੀਆਂ ਸਵੈਇਛੱਕ ਸੰਸਥਾਵਾਂ ਨਾਲ ਜੁੜ ਕੇ ਸਮਾਜ ਸੇਵਾ ਦਾ ਰਾਹ ਅਪਨਾਇਆ। ਆਪ ਆਪਣੇ ਪੂਰੇ ਜੀਵਨਕਾਲ ਦੌਰਾਨ ਪੂਰੀ ਤਰ੍ਹਾਂ ਸਰੀਰਕ ਤੌਰ 'ਤੇ ਤੰਦਰੁਸਤ ਸਮਾਜ ਸੇਵਾ ਵਿੱਚ ਰੁਝੇ ਰਹੇ।ਆਪ ਇਲਾਕੇ ਦੀ ਉੱਘੀ ਸਮਾਜਸੇਵੀ ਸੰਸਥਾ ਸੈਣੀ ਭਵਨ ਰੂਪਨਗਰ ਦੇ ਫਾਊਂਡਰ ਪ੍ਰਧਾਨ ਸਨ ਅਤੇ ਆਖਰੀ ਦਮ ਤੱਕ ਇਸ ਸੰਸਥਾ ਦੇ ਚੇਅਰਮੈਨ ਵਜੋਂ ਸੇਵਾ ਨਿਭਾਉਂਦੇ ਰਹੇ। ਇਨ੍ਹਾਂ ਦੀ ਚੇਅਰਮੈਨਸ਼ਿੱਪ ਅਧੀਨ ਸੈਣੀ ਭਵਨ ਵਿਖੇ ਦੋ ਟਰੱਸਟ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਅਤੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਲੋਕ ਭਲਾਈ ਅਤੇ ਸਿੱਖਿਆ ਦੇ ਪ੍ਰਸਾਰ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ। ਇਨ੍ਹਾਂ ਨੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਹਾਸਲ ਕਰਨ ਦੇ ਯੋਗ ਬਣਾਉਣ ਲਈ ਵਜੀਫੇ ਦੇਣ ਲਈ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਕੋਈ 72 ਲੱਖ ਰੁਪਏ ਦਾ ਧਨ ਦਾਨ ਕੀਤਾ ਹੈ। ਇਨ੍ਹਾਂ ਪਾਸ ਆਇਆ ਕੋਈ ਵੀ ਲੌੜਵੰਦ ਖਾਲੀ ਹੱਥ ਵਾਪਿਸ ਨਹੀ ਜਾਂਦਾ ਸੀ। ਉਨ੍ਹਾਂ ਅੰਦਰ ਸਿੱਖਿਆ ਨੂੰ ਉਤਸ਼ਾਹਿਤ ਕਰਨ ਦਾ ਜਨੂਨ ਸੀ। ਉਹ ਹਰ

ਸਾਲ ਉਨ੍ਹਾਂ ਤੱਕ ਪਹੁੰਚ ਕਰਨ ਵਾਲੇ ਗਰੀਬ ਬੱਚਿਆਂ ਨੂੰ ਸਿੱਧੇ ਤੌਰ 'ਤੇ ਵੀ ਪੜ੍ਹਾਈ ਲਈ ਮਦਦ ਕਰਦੇ ਸਨ।ਇਨ੍ਹਾਂ ਨੇ ਡੀ.ਏ.ਵੀ. ਸਕੂਲ ਜਿੱਥੋ ਮੈਟ੍ਰਿਕ ਪਾਸ ਕੀਤੀ ਨੂੰ ਸਕੂਲ ਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਸਕਾਲਰਸ਼ਿੱਪ ਦੇਣ ਲਈ ਇਕ ਲੱਖ ਰੁਪਏ ਦਾਨ ਕੀਤੇ ਅਤੇ ਪ੍ਰਾਇਮਰੀ ਸਕੂਲ ਛੀਂਟਾਵਾਲਾ ਨੂੰ ਵੀ ਖੁਦ ਮਾਲੀ ਮਦਦ ਕਰਨ ਗਏ ਸਨ। ਸ਼੍ਰੀ ਮੁੰਦਰਾ ਬਜੁਰਗਾਂ ਲੋਕਾਂ ਲਈ ਬਣਾਏ 'ਆਪਣਾ ਘਰ' ਦੇ ਫਾਂਉਡਰ ਸਨ, ਜਿਸ ਦੀ ਸਥਾਪਨਾ ਇਨ੍ਹਾਂ ਨੇ 27 ਨਵੰਬਰ 2006 ਵਿੱਚ ਕੀਤੀ। ਜਿਸ ਲਈ ਉਨ੍ਹਾਂ ਨੇ ਆਪਣੀ ਪਤਨੀ ਦੀ ਯਾਦ ਵਿੱਚ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਬਣਾ ਕੇ ਆਪਣਾ ਨਿੱਜੀ ਘਰ ਇਸ ਟਰੱਸਟ ਨੂੰ ਦਾਨ ਕੀਤਾ ਹੈ। ਸ਼੍ਰੀ ਮੁੰਦਰਾ ਰੋਟਰੀ ਕਲੱਬ ਰੂਪਨਗਰ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਅਤੇ ਰਾਧਾ ਸਵਾਮੀ ਸਤਸੰਗ (ਬਿਆਸ) ਰੂਪਨਗਰ ਸੈਂਟਰ ਦੇ ਸਕੱਤਰ ਵੀ ਰਹੇ। ਦਿੱਲੀ ਪੁਲਿਸ ਰਿਟਾਇਡ ਗਜ਼ਟਡ ਅਫਸਰ ਐਸੋਸੀਏਸ਼ਨ ਅਤੇ ਪੰਜਾਬ ਪੁਲਿਸ ਪੈਨਸਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਰੈਗੂਲਰ ਮੈਂਬਰ ਸਨ। ਸਾਲ 2004 'ਚ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੀ ਇਨ੍ਹਾਂ ਨੂੰ ਰੂਪਨਗਰ ਵਿਖੇ ਹੋਏ ਗਣਤੰਤਰ ਦਿਵਸ ਸਮਾਗਮ ਸਮੇਂ ਵਿੱਲਖਣ ਸਮਾਜ ਸੇਵਕ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਸ਼੍ਰੀ ਮੁੰਦਰਾ ਦਾ ਜੀਵਨ ਲੋਕਾਂ ਲਈ ਸਮਾਜ ਸੇਵਾ ਦੀ ਇੱਕ ਪ੍ਰੇਰਣਾ ਹੈ।

ਸ਼੍ਰੀ ਮੁੰਦਰਾ ਵਲੋਂ ਪਹਿਲੀ ਅਕਤੂਬਰ 2009 'ਚ ਲਿੱਖੀ ਗਈ ਮੇਰੀ ਆਖਰੀ ਖਾਹਿਸ਼ (ਵਸੀਅਤ) ਜੋ ਉਨ੍ਹਾਂ ਦੀ ਇੱਛਾ ਅਨੁਸਾਰ ਪ੍ਰਲੋਕ ਸਿਧਾਰਨ ਤੋਂ ਫੌਰੀ ਬਾਅਦ ਖੋਲ੍ਹੀ ਗਈ ਇੱਕ ਨੇਕ ਇਨਸਾਨ ਦੀ ਤਸਵੀਰ ਬਿਆਨ ਕਰਦੀ ਹੈ।ਜਿਸ ਨੂੰ ਇਸ ਮੈਗਜ਼ੀਨ ਦੇ ਵਿਸ਼ੇਸ਼ ਅੰਕ ਵਿੱਚ ਹੀ ਪ੍ਰਕਾਸ਼ਿਤ ਕੀਤਾ ਗਿਆ ਹੈ।

**********

## ਮੁੰਦਰਾ ਚਲੇ ਗਿਆ

ਸੈਣੀ ਭਵਨ ਦਾ ਮੋਢੀਕਾਰ, 'ਆਪਣਾ ਘਰ ਦਾ' ਸਿਰਜਣਹਾਰ ।
ਮੁੰਦਰਾ ਚਲੇ ਗਿਆ ! ਮੁੰਦਰਾ ਚਲੇ ਗਿਆ ।
ਮੁੰਦਰਾ ਟੱਬਰ ਦਾ ਸਰਦਾਰ, ਲੋੜਵੰਦਾਂ ਦਾ ਮਦਦਗਾਰ ।
ਮੁੰਦਰਾ ਚਲੇ ਗਿਆ ! ਮੁੰਦਰਾ ਚਲੇ ਗਿਆ ।
ਯਾਰਾਂ ਦਾ ਸੀ ਪੱਕਾ ਯਾਰ, ਦੁਸ਼ਮਣ ਲਈ ਸੀ ਵੰਗਾਰ ।
ਮੁੰਦਰਾ ਚਲੇ ਗਿਆ ! ਮੁੰਦਰਾ ਚਲੇ ਗਿਆ ।
ਹੱਕ-ਸੱਚ ਦਾ ਪਹਿਰੇਦਾਰ, ਸੱਚੇ ਗਿਆਨ ਦਾ ਭੰਡਾਰ ।
ਮੁੰਦਰਾ ਚਲੇ ਗਿਆ ! ਮੁੰਦਰਾ ਚਲੇ ਗਿਆ ।
ਪਾ ਕੇ ਸਭ ਨਾਲ ਮੋਹ ਪਿਆਰ, ਛੱਡ ਗਿਆ ਫਾਨੀ ਸੰਸਾਰ ।
ਮੁੰਦਰਾ ਚਲੇ ਗਿਆ ! ਮੁੰਦਰਾ ਚਲੇ ਗਿਆ ।

❋ ❋ ❋ ❋ ❋



## ਮੇਲਾ ਮੇਲਾ

ਰਾਜੀਵ ਸੈਣੀ
ਰੂਪਨਗਰ

ਪਛੜ ਗਿਆਂ ਨੂੰ ,
ਨਾਲ ਰਲੌਣ ਨੂੰ
ਆਪਣੀ ਟੋਲੀ ਆਪ ਸਜਾ ਕੇ
ਆਪਣੇ ਟੀਚੇ,
ਆਪ ਹੀ ਮਿਥ ਕੇ
ਕਰਮ ਭੂਮੀ ਦੀ,
ਪੁਕਾਰ ਨੂੰ ਸੁਣ ਕੇ
ਵਰਦੀ ਲਾਹ ਉਹ ਕੰਮ ਵੱਲ ਤੁਰ ਪਿਆ
ਪਿੰਡ ਪਿੰਡ ਵਿੱਚ,
ਜਾਗੋ ਲਿਆਂਦੀ
ਜਨ ਜਨ ਤੱਕ ਇਹ ਗੱਲ ਪੁਚਾ'ਤੀ
ਸੈਣੀ ਕੌਮ ਨੀ ਪਿੱਛੇ ਰਹਿਣੀ
ਹੱਕ ਕਮਾਈ ਕੀ,
ਦਾਦਿਆਂ ਲਾਹੀ
ਆਪਣੀ ਵੀ ਉਸ ਆਪ ਲੁਟਾ'ਤੀ
ਮਨ ਨੀ ਭਰਿਆ,
ਕੋਲੋਂ ਲਾ ਕੇ
ਵੀਰਾਂ ਲਈ,
ਆਪਣਾ ਘਰ ਇਕ ਥਾਂ ਬਣਾ'ਤੀ
ਬੁਢੜੇ ਵੇਲੇ,
ਫਿਸੇ ਦਿਲ ਵੀ
ਹਾਸੇ ਪਾ'ਤੇ
ਏਨਾ ਸੋਹਣਾ ਸੁਪਨਾ ਵੇਖਿਆ
ਅਗਲੀਆਂ ਪੁਸ਼ਤਾਂ,
ਕੰਮ ਨੂੰ ਲਾ'ਤੀਆਂ
ਰੰਗ ਲਗਾ ਕੇ,
ਹਾਸੇ ਪਾ ਗਿਆ
ਸਭ ਨੂੰ ਛੱਡ
ਉਹ ਅੱਗੇ ਲੰਘ ਗਿਆ
ਮੇਲਾ ਛੱਡ
ਉਹ ਕੱਲਾ ਲੰਘ ਗਿਆ

❋ ❋ ❋ ❋ ❋

# ਸ੍ਰੀ ਮੁੰਦਰਾ ਨੇ ਸਥਾਪਿਤ ਕੀਤਾ ਬਜ਼ੁਰਗਾਂ ਲਈ "ਆਪਣਾ ਘਰ"

ਰਾਜਿੰਦਰ ਸੈਣੀ
ਪ੍ਰਧਾਨ
'ਆਪਣਾ ਘਰ' ਟਰੱਸਟ



ਇਨਸਾਨ ਨੂੰ ਜੋ ਸੁੱਖ, ਆਰਾਮ ਅਤੇ ਤਸੱਲੀ ਆਪਣੇ ਘਰ ਆ ਕੇ ਮਿਲਦੀ ਹੈ ਉਹ ਸ਼ਾਇਦ ਹੀ ਉਸ ਨੂੰ ਕਿਸੇ ਹੋਰ ਥਾਂ ਚਾਹੇ ਉਹ ਕਿੰਨੀ ਵੀ ਖੂਬਸੂਰਤ ਕਿਓ ਨਾ ਹੋਵੇ ਜਾ ਕੇ ਮਿਲੇ। ਹਰ ਕਿਸੇ ਦੀ ਇਹ ਤਮੰਨਾ ਹੁੰਦੀ ਹੈ ਕਿ ਉਸ ਪਾਸ ਆਪਣਾ ਇੱਕ ਘਰ ਹੋਵੇ ਜਿਸ ਵਿਚ ਰਹਿ ਕੇ ਉਹ ਆਪਣੀ ਜ਼ਿੰਦਗੀ ਦੇ ਬੁਢਾਪੇ ਦੇ ਦਿਨ ਆਰਾਮ ਅਤੇ ਸੁੱਖ-ਚੈਨ ਨਾਲ ਬਿਤਾ ਸਕੇ। ਲੇਕਿਨ ਲਗਾਤਾਰ ਵਧ ਰਹੀ ਅਬਾਦੀ ਅਤੇ ਮਹਿੰਗਾਈ ਦੇ ਦੌਰ ਵਿੱਚ ਪਰਿਵਾਰਾਂ ਦਾ ਬਟਵਾਰਾ ਹੋਣ ਕਾਰਨ ਬੁਢਾਪੇ ਵਿਚ ਇਨਸਾਨ ਨੂੰ ਕਈਂ ਤਰ੍ਹਾਂ ਦੀਆਂ ਸਮਾਜਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਦਮੀ ਜੋ ਕਦੇ ਆਪਣੇ ਘਰ ਦਾ ਮੁੱਖੀ ਅਖਵਾਉਂਦਾ ਹੁੰਦਾ ਹੈ, ਬੁਢਾਪਾ ਆਉਣ ਤੇ ਆਪਣੇ ਪਰਿਵਾਰ ਵਿੱਚ ਹੀ ਆਪਣੇ ਬੱਚਿਆਂ ਨੂੰ ਬੋਝ ਲੱਗਣ ਲਗ ਜਾਂਦਾ ਹੈ, ਜਦਕਿ ਬੁਢਾਪੇ ਦਾ ਸਮਾਂ ਇਨਸਾਨ ਅਮਨ ਨਾਲ ਬਤੀਤ ਕਰਨ ਨੂੰ ਲੋਚਦਾ ਹੈ। ਕੁੱਝ ਅਜਿਹੇ ਬਜ਼ੁਰਗ ਵੀ ਹਨ ਜਿਹਨਾਂ ਨੂੰ ਸਮਾਜ ਅੰਦਰ ਵਿਚਰਦੇ ਹੋਏ ਕਿਸੇ ਕਾਰਨਵਸ਼ ਆਪਣੇ ਹੀ ਘਰ ਵਿਚ ਰਹਿਣ ਦੀ ਘੁਟਣ ਮਹਿਸੂਸ ਹੁੰਦੀ ਹੋਵੇਗੀ।

ਅਜਿਹੀ ਸਥਿਤੀ ਵਿੱਚ ਬਜੁਰਗਾਂ ਨੂੰ ਆਪਣੇ ਘਰ ਵਰਗਾ ਮਹੌਲ, ਸੁੱਖ-ਆਰਾਮ ਅਤੇ ਤਨਾਅਰਹਿਤ ਜੀਵਨ ਜਿਊਣ ਲਈ ਸੇਵਾਮੁਕਤ ਸਹਾਇਕ ਕਮਿਸ਼ਨਰ (ਪੁਲਿਸ) ਦਿੱਲੀ ਸਵਰਗਵਾਸੀ ਸ਼੍ਰੀ ਐਲ.ਆਰ.ਮੁੰਦਰਾ ਵੱਲੋਂ ਰੂਪਨਗਰ ਸ਼ਹਿਰ ਵਿਖੇ ਪਿੰਡ ਹਵੇਲੀ ਕਲਾਂ ਅੰਦਰ ਬਜੁਰਗਾਂ ਲਈ 'ਆਪਣਾ ਘਰ' ਦੀ ਸਥਾਪਨਾ 27 ਨਵੰਬਰ 2006 ਵਿੱਚ ਕੀਤੀ ਹੈ। ਇਸ ਸਬੰਧ ਵਿੱਚ ਸ਼੍ਰੀ ਮੁੰਦਰਾ ਨੇ ਆਪਣੀ ਸਵਰਗਵਾਸੀ ਧਰਮਪਤਨੀ ਸ਼੍ਰੀਮਤੀ ਸਰਸਵਤੀ ਦੇਵੀ ਮੁੰਦਰਾ ਦੀ ਮਿੱਠੀ ਯਾਦ ਵਿੱਚ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਕਾਇਮ ਕੀਤਾ ਹੈ। ਉਨ੍ਹਾਂ ਨੇ ਆਪਣਾ ਹਵੇਲੀ ਕਲਾਂ ਵਾਲਾ ਨਿੱਜੀ "ਮੁੰਦਰਾ ਹਾਊਸ" ਬਜੁਰਗਾਂ ਲਈ 'ਆਪਣਾ ਘਰ' ਬਣਾ ਕੇ ਟਰੱਸਟ ਹਵਾਲੇ ਕੀਤਾ ਹੈ। ਜਿਥੇ ਆਪਣੇ ਹੀ ਬੱਚਿਆਂ ਤੋਂ ਠੁਕਰਾਏ ਜਾਂ ਹਾਲਾਤ ਤੋਂ ਮਜਬੂਰ ਬਜੁਰਗਾਂ ਨੂੰ ਜਿੰਦਗੀ ਦੇ ਆਖਰੀ ਵਰ੍ਹੇ ਆਰਾਮ ਨਾਲ ਬਿਤਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਸਾਲ 16 ਸਤੰਬਰ 2007 ਨੂੰ ਸ਼ੁਰੂ ਕੀਤੇ ਗਏ ਇਸ ਘਰ ਅੰਦਰ ਪੱਕੇ ਤੌਰ ਤੇ ਰਹਿਣ ਵਾਲੇ ਬਜੁਰਗਾਂ ਨੂੰ ਰਿਹਾਇਸ਼ ਲਈ ਬੈੱਡ ਲੱਗੇ ਸਾਫ ਸੁਥਰੇ ਕਮਰੇ, ਵੱਖਰੀਆਂ ਅਲਮਾਰੀਆਂ, ਖਾਣ ਪੀਣ ਦਾ ਪੂਰਾ ਪ੍ਰਬੰਧ ਹੈ ਅਤੇ ਇਸ ਤੋਂ ਇਲਾਵਾ ਵੱਡਾ ਹਾਲ ਜਿਥੇ ਸੋਫੇ ਕੁਰਸੀਆਂ ਮੁਹਈਆ ਹਨ, ਦੀ ਸੁਵਿਧਾ ਦੇ ਨਾਲ ਨਾਲ ਪੜ੍ਹਨ ਲਈ ਹਰ ਭਾਸ਼ਾ ਦੀ ਅਖਬਾਰ ਅਤੇ ਧਾਰਮਿਕ ਪੁਸਤਕਾਂ, ਮਨੋਰਜੰਨ ਲਈ ਟੀ.ਵੀ. ਅਤੇ ਇਨਡੋਰ ਖੇਡਾਂ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਦਿਨ ਵੇਲੇ ਇਥੇ ਆ ਕੇ ਸਮਾਂ ਬਿਤਾਉਣ ਵਾਲੇ ਬਜੁਰਗਾਂ ਲਈ ਪੜ੍ਹਣ ਦੀ ਸਮੱਗਰੀ ਅਤੇ ਹਲਕੇ ਨਾਸ਼ਤੇ ਦੀ ਵਿਵਸਥਾ ਵੀ ਕੀਤੀ ਗਈ ਹੈ। ਇੱਥੇ ਬਜੁਰਗਾਂ ਦੀ ਸਿਹਤ ਸੰਭਾਲ ਬਾਰੇ ਵੀ ਡਾਕਟਰੀ ਚੈਕਅਪ ਕਰਨ ਦਾ ਪ੍ਰਬੰਧ ਹੈ। ਇਹ ਘਰ ਕੋਈ 1400 ਵਰਗ ਗਜ ਵਿੱਚ ਫੈਲਿਆ ਹੋਇਆ ਹੈ। ਪੂਰੇ ਰੂਪਨਗਰ ਜ਼ਿਲ੍ਹੇ ਅੰਦਰ ਇਕੋ ਹੀ ਅਜਿਹਾ ਘਰ ਹੈ ਜਿਥੇ ਬਜੁਰਗਾਂ ਨੂੰ ਬੁਢਾਪੇ ਦੇ ਦਿਨ ਪੂਰੇ ਆਰਾਮ ਨਾਲ ਬਿਤਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਘਰ ਦਾ ਪੂਰਾ ਖਰਚਾ ਟਰੱਸਟ ਵਲੋਂ ਸਹਿਣ ਕੀਤਾ ਜਾਂਦਾ ਹੈ। ਪਰ ਇਸ ਦੇ ਨਾਲ ਹੀ ਟਰੱਸਟ ਵਲੋਂ ਇਸ ਨੇਕ ਕੰਮ ਨਾਲ ਜੁੜਨ ਅਤੇ ਸਵੈ ਇੱਛਾ ਨਾਲ ਯੋਗਦਾਨ ਪਾਉਣ ਵਾਲਿਆਂ ਦਾ ਵੀ ਸਵਾਗਤ ਕੀਤਾ ਜਾਂਦਾ ਹੈ।

ਸ਼੍ਰੀ ਲੇਖ ਰਾਜ ਮੁੰਦਰਾ ਸਰਸਵਤੀ ਦੇਵੀ ਮੁੰਦਰਾ ਟਰੱਸਟ (ਰਜਿ.) ਦੇ ਆਪਣੇ ਜੀਵਨ ਕਾਲ ਦੌਰਾਨ ਸੰਸਥਾਪਕ ਚੇਅਰਮੈਨ ਰਹੇ, ਇਸ ਟਰੱਸਟ ਨਾਲ ਸ਼ਹਿਰ ਦੇ ਬਹੁਤ ਹੀ ਸੂਝਵਾਨ ਵਿਅਕਤੀਆਂ ਨੂੰ ਜੋੜਿਆ ਗਿਆ ਹੈ।

ਇਸ ਬਦਲਦੇ ਯੁੱਗ ਵਿੱਚ ਸੀਨੀਅਰ ਸਿਟੀਜ਼ਨ ਦੀ ਵਿਚਾਰਧਾਰਾ ਵੀ ਬਹੁਤ ਤੇਜੀ ਨਾਲ ਬਦਲ ਰਹੀ ਹੈ। ਬਜ਼ੁਰਗ ਹੁਣ ਮਹਿਸੂਸ ਕਰਨ ਲੱਗ ਪਏ ਹਨ ਕਿ ਬੱਚਿਆਂ ਦੇ ਰਹਿਮੋ ਕਰਮ 'ਤੇ ਰਹਿਣ ਦੀ ਬਜਾਏ ਇਕ



ਬਾਇੱਜ਼ਤ ਤੇ ਅਰਾਮਦੇਹ 'ਆਸਰੇ ਘਰ' ਵਿੱਚ ਰਹਿਣਾ ਹਜ਼ਾਰ ਦਰਜੇ ਬੇਹਤਰ ਹੈ। ਅੱਜ ਕੱਲ੍ਹ ਇਹਨਾਂ ਆਸਰੇ ਘਰਾਂ ਦਾ ਨਾਮ ਵੀ ਬਦਲ ਕੇ ਆਸ਼ੀਆਨਾ, ਪੇਡ ਗੈਸਟ ਹਾਊਸ, ਪੇ ਐਂਡ ਸਟੇਅ ਆਦਿ ਬਣ ਗਏ ਹਨ। ਜਿੱਥੇ ਰਹਿ ਕੇ ਉਹ ਆਪਣੇ ਜੀਵਨ ਨੂੰ ਅਨੰਦਮਈ ਢੰਗ ਨਾਲ ਗੁਜ਼ਾਰ ਸਕਦੇ ਹਨ। ਇਸੇ ਤਰ੍ਹਾਂ ਦੀ ਇੱਕ ਸਤਕਾਰਯੋਗ ਥਾਂ 'ਆਪਣਾ ਘਰ' ਵੀ ਹੈ, ਜਿਹੜਾ ਬਜ਼ੁਰਗਾਂ ਨੂੰ ਮਾਣ ਨਾਲ ਆਸਰਾ ਪ੍ਰਦਾਨ ਕਰਦਾ ਹੈ। ਉਹ ਬਜ਼ੁਰਗ, ਜਿਹੜੇ, ਨਿਆਸਰੇ ਰਹਿ ਗਏ ਹਨ, ਉਹਨਾਂ ਦਾ ਇੱਥੇ ਖਿੜੇ ਮੱਥੇ ਸੁਆਗਤ ਕੀਤਾ ਜਾਂਦਾ ਹੈ। ਇੱਥੇ ਸੀਨੀਅਰ ਸਿਟੀਜ਼ਨਾਂ ਲਈ 'ਪੇ ਐਂਡ ਸਟੇਅ' ਦੀ ਯੋਜਨਾ ਵੀ ਬਣਾਈ ਗਈ ਹੈ ਤਾਂ ਜੋ ਉਹ ਮਾਣ ਮਹਿਸੂਸ ਕਰਨ ਤੇ ਸ਼ਾਨ, ਸਤਿਕਾਰ ਨਾਲ ਰਹਿ ਸਕਣ। 'ਆਪਣੇ ਘਰ' ਵਿੱਚ ਦਾਖ਼ਲਾ ਲੈਣਾ ਬਹੁਤ ਸੌਖਾ ਹੈ। ਇੱਥੇ ਇਕ ਫਾਰਮ, ਜੋ ਮੁਫ਼ਤ ਮਿਲਦਾ ਹੈ ਉਸਨੂੰ ਚੰਗੀ ਤਰ੍ਹਾਂ ਪੜ੍ਹ ਕੇ ਧਿਆਨ ਨਾਲ ਭਰੋ। ਟਰੱਸਟੀਆਂ ਦੀ ਮਨਜ਼ੂਰੀ ਤੋਂ ਬਾਅਦ ਬਜ਼ੁਰਗਾਂ ਨੂੰ ਦਾਖ਼ਲ ਕੀਤਾ ਜਾਂਦਾ ਹੈ।



## ਯਾਦਾਂ- ਮੁੰਦਰਾ ਸਾਹਿਬ ਦੀਆਂ

-ਅਜੀਤ ਸਿੰਘ, ਸੈਣੀ ਭਵਨ

✶ ਮੁੰਦਰਾ ਸਾਹਿਬ, ਰਾਧਾ ਸੁਆਮੀ ਸਤਸੰਗ ਰੂਪਨਗਰ ਦੇ ਸੈਕਟਰੀ ਸਨ। ਇਨ੍ਹਾਂ ਦੇ ਕੰਮ ਕਰਨ ਦੇ ਢੰਗ ਤੋਂ ਸੇਵਾਦਾਰ ਬਹੁਤੇ ਖੁਸ਼ ਨਹੀਂ ਸਨ ਕਿਉਂਕਿ ਉਹ ਆਪਣੇ ਹਿਸਾਬ ਨਾਲ ਚਲਾਉਣਾ ਚਾਹੁੰਦੇ ਸਨ। ਇੱਕ ਵੇਰ ਮਿੱਟੀ ਪਾਉਣ ਦੀ ਸੇਵਾ ਚੱਲ ਰਹੀ ਸੀ, ਟਰਾਲੀਆਂ ਭਰੀਆਂ ਹੋਈਆਂ ਸਨ। ਖਾਲੀ ਕਰਨ ਸਮੇਂ ਜ਼ੋਰ ਦੀ ਬਾਰਿਸ਼ ਆ ਗਈ। ਸੇਵਾਦਾਰ ਸਾਰੇ ਹਟ ਗਏ। ਪ੍ਰਧਾਨ ਅਤੇ ਮੁੰਦਰਾ ਸਾਹਿਬ ਦੋਨਾਂ ਨੇ ਉਤਾਰਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਨੂੰ ਦੇਖ ਕੇ ਸਾਰੇ ਸੇਵਾਦਾਰ ਵੀ ਲਗ ਗਏ।

✶ ਇੱਕ ਵੇਰ ਮੈਂ ਅਤੇ ਮੁੰਦਰਾ ਸਾਹਿਬ ਇੱਕ ਵਿਆਹ ਸਮਾਗਮ ਵਿੱਚ ਇਕੱਠੇ ਬੈਠੇ ਸਾਂ। ਮੈਂ ਪਾਣੀ ਪੀਣ ਲੱਗਾ ਤਾਂ ਮੁੰਦਰਾ ਸਾਹਿਬ ਨੇ ਮੈਨੂੰ ਪਿਆਰ ਨਾਲ ਝਿੜਕਦਿਆਂ ਕਿਹਾ,'ਫੰਕਸ਼ਨ ਵਿੱਚ ਆ ਕੇ ਪਾਣੀ ਨਹੀਂ ਪੀਈ ਦਾ। ਘੱਟੋ ਘੱਟ ਕੋਲਡ ਡਰਿੰਕ ਪੀਣਾ ਚਾਹੀਦਾ।'

✶ ਇੱਕ ਵਾਰੀ ਜਦੋਂ ਸੈਣੀ ਭਵਨ ਸ਼ੁਰੂ ਕਰਨਾ ਸੀ ਤਾਂ ਮੀਟਿੰਗ ਰੱਖੀ ਗਈ ਸੀ। ਉਸ ਵਿੱਚ ਮੁੰਦਰਾ ਸਾਹਿਬ ਨੇ ਕਿਹਾ, "ਸਾਮਾਨ ਦੀ ਲੀਕਿਜ ਹੋਣੀ ਹੀ ਹੈ। ਇਸ ਨੂੰ ਅੱਖੋਂ ਉਹਲੇ ਕਰਨਾ ਪੈਣਾ ਹੈ"।

*********************

✶ ਮੁੰਦਰਾ ਸਾਹਿਬ ਬਿਮਾਰ ਹਾਲਤ ਵਿੱਚ ਰੂਪਨਗਰ ਦੇ ਪਰਮਾਰ ਹਸਪਤਾਲ ਵਿੱਚ ਦਾਖਲ ਸਨ। ਮੈਂ ਅਤੇ ਮੇਰੀ ਪਤਨੀ ਉਨ੍ਹਾਂ ਦਾ ਹਾਲਚਾਲ ਪੁੱਛਣ ਲਈ ਹਸਪਤਾਲ ਗਏ। ਉਨ੍ਹਾਂ ਦੇ ਕਈ ਪ੍ਰਕਾਰ ਦੀਆਂ ਨਾਲੀਆਂ ਲੱਗੀਆਂ ਹੋਈਆਂ ਸਨ। ਅਸੀਂ ਉਨ੍ਹਾਂ ਦੇ ਮੰਜੇ ਪਾਸ ਜਾ ਕੇ ਖੜ੍ਹ ਗਏ ਅਤੇ ਉਨ੍ਹਾਂ ਨੂੰ ਬੁਲਾਇਆ। ਉਨ੍ਹਾਂ ਨੇ ਅੱਖਾਂ ਖੋਲ੍ਹੀਆਂ ਅਤੇ ਸਾਡੇ ਵੱਲ ਦੇਖਿਆ। ਬੜੀ ਹੀ ਧੀਮੀ ਆਵਾਜ਼ ਵਿੱਚ ਬੋਲੇ, "ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ.."। ਇਸ ਤੁਕ ਨੂੰ ਮੈਂ ਪੂਰਾ ਕਰ ਦਿੱਤਾ, "ਉਨ੍ਹੀ ਰਾਹੀਂ ਮੈਨੂੰ ਤੁਰਨਾ ਪਿਆ"। ਮੁੰਦਰਾ ਸਾਹਿਬ ਦੇ ਇਹ ਬੋਲ ਉਨ੍ਹਾਂ ਦੇ ਮਨ ਦੀ ਵੇਦਨਾ ਨੂੰ ਪ੍ਰਗਟ ਕਰਦੇ ਸਨ ਕਿਉਂਕਿ ਉਨ੍ਹਾਂ ਦਾ ਰਹਿਣ-ਸਹਿਣ ਅਤੇ ਖਾਣਾ-ਪੀਣਾ ਐਹੋ ਜਿਹਾ ਸੀ ਕਿ ਕਦੇ ਕਿਸੇ ਗੰਭੀਰ ਬਿਮਾਰੀ ਦਾ ਸਾਹਮਣਾ ਨਹੀਂ ਕਰਨਾ ਪਿਆ। ਇਸ ਹਾਲਤ ਵਿੱਚ ਹਸਪਤਾਲ ਜਾ ਕੇ ਲੰਮੇ ਪੈਣਾ ਸ਼ਾਇਦ ਉਨ੍ਹਾਂ ਲਈ ਨਵਾਂ ਤਜੁਰਬਾ ਅਤੇ ਮਜ਼ਬੂਰੀ ਸੀ। ਸਾਡਾ ਦਿਲ ਬੜਾ ਖਰਾਬ ਹੋਇਆ। ਮੁੰਦਰਾ ਸਾਹਿਬ ਦੇ ਮੂੰਹੋਂ ਸੁਣੇ ਇਹ ਆਖਰੀ ਸ਼ਬਦ ਸਨ। ਉਸ ਤੋਂ ਬਾਅਦ ਉਹ ਜੋ ਕੁਝ ਬੋਲ ਕੇ ਦੱਸਣ ਦੀ ਕੋਸ਼ਿਸ਼ ਕਰਦੇ ਉਹ ਸਮਝ ਨਹੀਂ ਸੀ ਪੈਂਦਾ।

- ਅਜਮੇਰ ਸਿੰਘ, ਪ੍ਰਧਾਨ ਸੈਣੀ ਭਵਨ



## ਆਪਣਾ ਘਰ- ਬੜੀ ਹਵੇਲੀ

ਨਿਰਮਲ ਸਿੰਘ 'ਨਿਰਮਲ.
ਰੂਪਨਗਰ।

ਆਪਣਾ ਘਰ ਇਹ ਆਪਣਾ ਘਰ
ਬੜੀ ਹਵੇਲੀ ਆਪਣਾ ਘਰ
ਇਹੋ ਜਿਹਾ ਨਹੀਂ ਸੁਣਿਆ ਘਰ
ਬੇਘਰਿਆਂ ਲਈ ਬਣਿਆ ਘਰ
ਘਰ ਹੁੰਦਿਆਂ ਜੋ ਬੇਘਰੇ ਨੇ
ਚਾਰੇ ਪਾਸੋਂ ਡਰੇ ਡਰੇ ਨੇ
ਉਹਨਾਂ ਲਈ ਹੈ ਇੱਕ ਸਹਾਰਾ
ਸਭ ਨੂੰ ਲਗਦੈ ਪਿਆਰਾ ਪਿਆਰਾ
ਇਹਦੀ ਕਿਧਰੇ ਰੀਸ ਨਹੀਂ ਏ
ਨਾਲੇ ਕੋਈ ਫੀਸ ਨਹੀਂ ਏ
ਮੁੰਦਰਾ ਜੀ ਨੇ ਇਹਦੇ ਬਾਨੀ
ਜਿਸਦਾ ਦਿਸਦਾ ਨਹੀਂ ਕੋਈ ਸਾਨੀ
ਇਹ ਨਿਰਮਲ, ਉਪਕਾਰ ਉਹਨਾਂ ਦਾ
ਸਭਨਾਂ ਦੇ ਲਈ ਪਿਆਰ ਉਹਨਾਂ ਦਾ
ਘਰ ਵਰਗਾ ਸੁੱਖ ਮਿਲਦਾ ਏਥੇ
ਬੁਝਿਆ ਦਿਲ ਵੀ ਖਿਲਦਾ ਏਥੇ
ਬਹੁਤੀ ਲੰਘੀ ਵਾਟ ਨਹੀਂ ਹੈ
ਕਿਸੇ ਗਲ ਦੀ ਘਾਟ ਨਹੀਂ ਹੈ
ਇੱਕ ਵਾਰ ਜੋ ਏਥੇ ਆਂਦਾ
ਮੁੜ ਕੇ ਨਹੀਂ ਫਿਰ ਘਰ ਨੂੰ ਜਾਂਦਾ
ਹਾਣੀਆਂ ਨੂੰ ਜਦ ਹਾਣੀ ਮਿਲਦੇ
ਕੰਵਲ ਵਾਂਗਰਾਂ ਦਿਲ ਨੇ ਖਿਲਦੇ
ਹਸਦੇ ਤੁਸਦੇ ਸਮਾਂ ਬਿਤੌਂਦੇ
ਰਲ ਮਿਲ ਹਾਣੀ ਨਚਦੇ ਗੌਂਦੇ
ਧੰਨ ਨੇ ਇਹਨੂੰ ਚਲੌਣੇ ਵਾਲੇ
ਚੰਗੀ ਸੇਵ ਕਮੌਣੇ ਵਾਲੇ
ਜੇਬੋਂ ਪੈਸੇ ਲੌਣੇ ਵਾਲੇ
ਨਿਰਮਲ ਸੇਵ ਕਮੌਣੇ ਵਾਲੇ

**ਮੁੰਦਰਾ ਸਾਹਿਬ ਦੀ ਵਸੀਅਤ ਅਨੁਸਾਰ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ ਹਵੇਲੀ ਕਲਾਂ (ਆਪਣਾ ਘਰ) ਨੂੰ 95,697/- ਰੁਪਏ ਦੀ ਸਹਾਇਤਾ ਰਾਸ਼ੀ ਪ੍ਰਾਪਤ ਹੋਈ ਹੈ।**



## *A Journey Through Time*

Balbir Singh Saini
Saini Bhawan Rupnagar

A void was created when an exceptional and excellent personality, Sh. Lekh Raj Mundra, left for his heavenly abode at 12:30 hrs. on 5th June, 2017.

Sh. L.R.Mundra was born on 1st Oct.,1921. His father, Ch. Munshi Ram, served the Indian Railways as Station Master. Sh. Mundra led an eventful life as an young man. After completing his graduation from Delhi university, he joined the Royal Indian A.S.C. as Viceroy's commissioned officer on 26th June, 1941 and was discharged from service on 3rd May.1947 as the 2nd World War came to an end. During W.W.II, he served in the Middle East (U.A.R. & Libya desert) with the 8th Army. The war exposure abroad at that young age must have added some positive qualities in his personality.



After his release from Army, he joined the Delhi police on 03-11-1948 as Sub- Inspector and worked in various capacities during his service period. He led Delhi Police as Parade Commander on Republic Day in 1967 and again in 1968. He served on personal security staff of three Prime Ministers, i.e., Pt. Jawahar Lal Nehru. Sh. Lal Bahadur Shashtri and Smt. Indira Gandhi. He was specially selected as personal security officer to President of India, Sh. N. Sanjeeva Reddy. Deployment at such sensitive positions depends upon individual's honesty & integrity of character.

After retirement from Delhi Police on 31st Oct., 1979 as A.C.P., he preferred to settle among his dear and near ones at his native place, Haveli Kalan. He joined the Rotary Club and served as its President. He was also a member of Retired Gazetted Officers' Association of Delhi police & member of Punjab Police Pensioners' Welfare Association RupnagarDistt.



Mr. Mundra joined the Managing Committee of Kaka Ram Saini Charitable Trust in 1982 and was appointed its Trustee in 1994 by the sole surviving Trustee, Ch. Megh Raj Saini. Ch. Megh Raj Saini, Advocate, being a very busy lawyer had entrusted the management of the Trust's donated land to the Managing body of Kaka Ram Saini Charitable Trust, headed by Sh. L.R.Mundra, who with the consent and approval of Ch. Megh Raj Saini and with the aid of donations from members of Saini Bradri (Community) raised on the said land a double storey building complex known as 'Saini Bhavan' Ropar. Prior to this, with the active participation of S. Hazura Singh ,Advocate, the foundation stone for the Bhavan was laid on 28-03-1971 by S.Gurmit Singh, Minister of State (Punjab) but the Managing body led by Sh. L.R.Mundra completed the task of raising the structure in a record time. Mr. Mundra fared well as a team leader in accomplishing the task while facing the hindrances and solving them well in time. Kaka Ram Saini Charitable Trust Saini

Bhavan Ropar was registered under Socities Registration act on 24 Aug., (2007-2008).

In this complex, the managing body of Saini Bhavan Ropar has been successfully running a Saini Tailoring & Embroidery School, Beautician Art Centre and Fashion Designing Centre to impart skill to the underprivileged populace of our area enabling them to choose a career/vocation when in need. Saini Bhavan also conducts multifarious activities such as tackling the social and economic problems of the Saini community with a well-equipped office in the said building. The Trust helps the poor/destitute in extending relief in crisis and calamities. At times, for the benefit of our students, we invite experts from industry to run short courses for small scale trades.

Sh.L.R.Mundra also founded the Saini Charitable Education Trust to help the brilliant and needy students of our area. Education Trust has got an independent legal entity though its office is also located in Saini Bhavan complex and its funds are also managed by the staff of Saini Bhavan Ropar. Education Trust, apart from disbursing scholarship, also runs a Computer Training Centre which is housed in a well- established air-conditioned class room. Sh. L.R.Mundra donated Rs.71 lakh to the Education Trust as he believed that the education is the most important tool to acquire knowledge which in turn leads to progress & prosperity. Sh. L.R.Mundra was the Chairman of Saini Bhavan Ropar and also of Education Trust. Saini Charitable Education Trust was registered under Societies Registration act on 4 August 2004.

Saraswati Devi Mundra Charitable Trust (ApnaGhar) was founded by Sh. L.R.Mundra in November, 2006 in the memory of his deceased wife. He donated his built up house for the said Trust and added more rooms to accommodate the helpless old age people deserted by their children or there may be cases where senior citizens prefer to stay in old age home of their own choice. The Trust provides lodging/ boarding facilities to the inmates.

Mr. L.R.Mundra was a philanthropist and a social worker who devoted his years after retirement for the welfare & wellbeing of society. He helped the institutions and the people irrespective of their cast & creed and did not differentiate because of faith, religion, etc. He was a *karamyogi*& a kind person and remained helpful to the needy to last breath of his life.

During W.W.II, Sh. L.R,Mundra was awarded North Africa Star, War Medal and 1939-45 Medal. He was also awarded the Republic Day police Medal and Indo-Pak War Medal during his service career in Delhi Police. Capt. Amrinder Singh, Chief Minister Punjab, commended & honoured him on 26th January,2004 for the outstanding social activities.

**WELCOME TO NEW LIFE MEMBERS OF SAINI BHAWAN RUPNAGAR**

**500. S. Ranjit Singh**
S/o S. Prem Singh
# 5016-B, Jagjit Nagar,
Rupnagar



**501. S. Baljeet Singh**
S/o Kartar Singh
Vill. Dayalpur, Distt.
Fatehgarh Sahib



**502. Mrs. Karamjit Kaur**
W/o Adv. Hazura Singh
Nehru Nagar, College
Road, Ropar



Continued on page no. 11.



## *A Great Philanthropist- Mr. L.R. Mundra*

Rajiv Saini
Trustee Saini Bhawan,
Rupnagar

When we came to settle down in our home town Ropar I came to know of so many acquaintances of my father,Sh. P.C. Saini (Retd. Sessions Judge), some of them were very close to him even before we settled in Ropar but the company of his associates in Saini Bhavan incitedsuch an invigorating fervor in him that he could never miss to see them even for a day. We had a curiosity to see those angels whom he would like to see too impatiently without caring at all for the bad weather.

I saw Mundra Unclefor the first time about 35 years back in Saini Bhavan. The first impression he left on me was that of a humble, dedicated & warm gentleman but at that time, as I saw him through my father's perspective, I found him to be a dedicated person with an intense application and innovative ideas. He wanted to do everything majestically. That was one point where my father perhaps differed with him because of his own spendthrift& penny-pinching nature. But Mundra uncle would always come forward with a generous donation to counter my father whenever he nagged for over expenditure. He always wanted to do things impressively.

After my father's demise, I got an opportunity to interact with him personally more often and found him to be a big-hearted philanthropist, with a zeal to implement new ideas. It confirmed my father's views. Additionally, he had a penchant for constantly thinking of new ways to carry forward the ideology of Saini Bhavan. He would explain his ideas withmeticulous details but was receptive to views of others as well. The moment someone pointed out the big expenditure involved in a welfare jobhe would voluntarily announce his share in the job and would see to it that the idea is implemented to his liking.

His attire right from his necktie to glossly polished shoes and the way he presented himself till his last Saini Bhavan meeting even at the age of 95 years was noticeable. His quivering and deep voice had some distinct command mingled with very soft pleading request like a choco-bar ice cream. Despite his tall stature as a retired Assistant Commissioner of Police and having chances to work for three Prime Ministers and one President of India he was so humble.



It will be rather belittling this magnanimous personality to count the total money he donated for good causes. He is a philanthropist of such a high magnitude for all of us to emulate. His "Will" read after his demise was a testimony to his greatness. A person who would fight for performing every function with grandeur allowed himself a simplest farewell from the peopleclose to him.

❈ ❈ ❈ ❈ ❈

Continued from page no. 10

**503. S. Kamaljit Singh**
\# Vill. Nikkuwal, P.O.
Jhingri, Teh. Sri Anandpur
Sahib, Distt. Rupnagar



**504. S. Hardyal Singh Jatana**
S/o S. Bakhtawar Singh
#2738, Phase - 7,
Rupnagar



**505. S. Hardev Singh Panghlia**
S/o Sh. Dhani Ram
\# 116, Gillco Valley,
Rupnagar
Nehru Nagar, College
Road, Ropar





# ਮੁੰਦਰਾ ਸਾਹਿਬ ਨਾਲ ਵਿਚਰਦਿਆਂ

ਅਮਰਜੀਤ ਸਿੰਘ
ਟਰੱਸਟੀ
ਸੈਣੀ ਭਵਨ ਰੂਪਨਗਰ

ਮੁੰਦਰਾ ਸਾਹਿਬ, "ਸ੍ਰੀ ਲੇਖ ਰਾਜ ਮੁੰਦਰਾ" ਰਿਸ਼ਤੇ ਵਿੱਚ ਮੇਰੇ ਮਾਮਾ ਜੀ ਸਨ। ਅਗਰ ਮੈਂ ਇਹ ਕਹਾਂ ਕਿ ਕਿਸੇ ਨੇ ਜ਼ਿੰਦਗੀ ਜਿਊਣ ਦਾ ਤਰੀਕਾ ਸਿੱਖਣਾ ਹੋਵੇ ਤਾਂ ਉਹਨਾਂ ਤੋਂ ਸਿੱਖੇ।ਗੱਲ ਉਹਨਾਂ ਦਿਨਾਂ ਦੀ ਹੈ ਜਦੋਂ ਉਹ ਬਤੌਰ ਡੀ.ਐਸ.ਪੀ (ਟ੍ਰੈਫਿਕ) ਨਵੀਂ ਦਿੱਲੀ ਵਿਚ ਤਾਇਨਾਤ ਸਨ। ਉਹ ਅਸ਼ੋਕਾ ਰੋਡ ਤੇ ਪਟੇਲ ਭਵਨ ਦੇ ਬਿਲਕੁਲ ਨਾਲ ਪੰਜਾਬ ਨੈਸ਼ਨਲ ਬੈਂਕ ਦੇ ਸਾਹਮਣੇ ਦੋ ਮੰਜ਼ਿਲੀ ਇਮਾਰਤ ਵਿੱਚ ਪਹਿਲੀ ਮੰਜ਼ਿਲ ਤੇ ਰਹਿੰਦੇ ਸਨ। ਗਰਾਊਂਡ ਫਲੌਰ 'ਤੇ ਸ਼੍ਰੀਮਤੀ ਕਿਰਨ ਬੇਦੀ ਆਈ ਪੀ ਐਸ ਰਹਿੰਦੇ ਸਨ। ਉਹ ਸਵੇਰੇ ਉੱਠ ਕੇ ਹਲਕੀ-ਫੁਲਕੀ ਕਸਰਤ ਤੋਂ ਬਾਅਦ ਨਹਾ ਕੇ ਡਿਊਟੀ ਜਾਣ ਤੋਂ ਪਹਿਲਾਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਨਿਤਨੇਮ ਨਾਲ ਮੱਥਾ ਟੇਕਣ ਜਾਂਦੇ, ਆ ਕੇ ਨਾਸ਼ਤਾ ਕਰਕੇ ਡਿਊਟੀ ਤੇ ਜਾਂਦੇ। ਇੱਕ ਵਾਰ ਮੈਂ ਬੀ.ਐਸ.ਸੀ. ਕਰਨ ਉਪਰੰਤ ਉਹਨਾਂ ਕੋਲ ਦਿੱਲੀ ਗਿਆ। ਮਾਮੀ ਜੀ ਕੁਝ ਦਿਨਾਂ ਲਈ ਪੰਜਾਬ ਆਏ ਹੋਏ ਸਨ। ਇੱਕ ਦਿਨ ਅਸੀਂ ਸ਼ਾਮ ਨੂੰ ਬਾਲਕੋਨੀ ਵਿੱਚ ਬੈਠੇ ਸੜਕ 'ਤੇ ਆਉਂਦੀ ਜਾਂਦੀ ਰੌਣਕ ਦੇਖ ਰਹੇ ਸੀ। ਅਚਾਨਕ ਹੀ ਮੁੰਦਰਾ ਸਾਹਿਬ ਕਹਿਣ ਲੱਗੇ ਦੇਖ ਅਮਰਜੀਤ ਤੂੰ ਵੀ ਮਹਿਸੂਸ ਕਰਦਾ ਹੋਵੇਂਗਾ ਕਿ ਸਾਡੇ ਕੋਈ ਔਲਾਦ ਨਹੀਂ ਹੈ। ਮੈਂ ਇਹ ਸੋਚ ਸੋਚ ਕੇ ਮਾਯੂਸ ਹੋਈ ਜਾਵਾਂ ਜਾਂ ਦੁਖੀ ਹੋਈ ਜਾਵਾਂ ਤਾਂ ਇਸ ਨਾਲ ਮੈਨੂੰ ਕੀ ਲਾਭ ਹੋਵੇਗਾ? ਸਗੋਂ ਮੈਂ ਦੂਜਿਆਂ ਲਈ ਮਜ਼ਾਕ ਦਾ ਪਾਤਰ ਬਣ ਜਾਵਾਂਗਾ। ਸ਼ਾਇਦ ਇਹ ਗੱਲ ਕਰ ਕੇ ਉਹਨਾਂ ਨੇ ਆਪਣੇ ਮਨ ਦਾ ਦਰਦ ਹਲਕਾ ਕੀਤਾ ਹੋਵੇ। ਪਰ ਮੈਂ ਉਹਨਾਂ ਨੂੰ ਕਦੇ ਵੀ ਮਾਯੂਸ ਨਹੀਂ ਦੇਖਿਆ। ਮੈਂ ਅੱਜ ਇਹ ਮਹਿਸੂਸ ਕਰਦਾ ਹਾਂ ਕਿ ਆਪਣੇ ਦੁੱਖ ਨੂੰ ਉਨ੍ਹਾਂ ਨੇ ਕਦੀ ਵੀ ਆਪਣੇ 'ਤੇ ਹਾਵੀ ਨਹੀਂ ਹੋਣ ਦਿੱਤਾ।

ਉਹਨਾਂ ਦਿਨਾਂ ਵਿੱਚ ਮੇਰੇ 'ਤੇ ਵੀ ਵਿਦੇਸ਼ ਜਾਣ ਦਾ ਭੂਤ ਸਵਾਰ ਹੋਇਆ ਸੀ। ਉਹਨਾਂ ਦਿਨਾਂ ਵਿੱਚ ਪਾਸਪੋਰਟ ਵੀ ਬਹੁਤ ਔਖਾ ਬਣਦਾ ਸੀ। ਖੈਰ ਪਾਸਪੋਰਟ ਬਣਾ ਕੇ ਅਤੇ ਬਾਕੀ ਦੇ ਸਾਰੇ ਕਾਗਜ਼ ਮੁਕੰਮਲ ਕਰਕੇ ਮਾਮਾ ਜੀ ਦੇ ਨਾਲ ਟ੍ਰੇਵਲ ਏਜੰਟ ਰਾਹੀਂ ਅਮਰੀਕਨ ਅੰਬੈਸੀ ਪਹੁੰਚ ਗਏ। ਕੁਝ ਕਾਰਨਾਂ ਕਰਕੇ ਮੇਰਾ ਵੀਜ਼ਾ ਰੱਦ ਹੋ ਗਿਆ। ਮੈਂ ਬਹੁਤ ਹੀ ਨਿਰਾਸ਼ ਮਨ ਨਾਲ ਘਰ ਵਾਪਿਸ ਆ ਗਿਆ। ਮੁੰਦਰਾ ਸਾਹਿਬ ਸ਼ਾਮ ਨੂੰ ਡਿਊਟੀ ਤੋਂ ਬਾਅਦ ਘਰ ਵਾਪਿਸ ਆਏ ਤੇ ਮਾਮੀ ਜੀ ਨੂੰ ਤਿਆਰ ਹੋਣ ਲਈ ਕਿਹਾ ਕਿ ਅਸੀਂ ਪਿਕਚਰ ਦੇਖਣ ਜਾਣਾ ਹੈ। ਅਸੀਂ ਤਿੰਨੋਂ ਕਨਾਟ ਪਲੇਸ ਦੇ ਪਿਕਚਰ ਹਾਲ ਵਿੱਚ ਉਸ ਸਮੇਂ ਦੀ ਮਸ਼ਹੂਰ ਫ਼ਿਲਮ "ਰਾਜਾ ਜ਼ਾਨੀ" ਦੇਖ ਕੇ ਆਏ। ਸ਼ਾਇਦ ਇਹ ਸਭ ਕੁਝ ਉਹਨਾਂ ਨੇ ਮੇਰਾ ਮੂਡ ਠੀਕ ਕਰਨ ਲਈ ਕੀਤਾ।

ਸਿੱਖਿਆ ਵਿਭਾਗ ਤੋਂ ਰਿਟਾਇਰਮੈਂਟ ਬਾਅਦ ਉਹਨਾਂ ਦੀ ਪ੍ਰੇਰਨਾ ਸਦਕਾ ਮੈਂ ਸੈਣੀ ਭਵਨ ਆਣ ਲੱਗਾ। ਹਰ ਸ਼ਾਮ ਉਹਨਾਂ ਦੀ ਸੰਗਤ ਵਿਚ ਗੁਜ਼ਰਨ ਲੱਗੀ। ਇਸ ਸਮੇਂ ਤੱਕ ਉਹਨਾਂ ਨੇ ਆਪਣੇ ਨਿੱਜੀ ਘਰ ਨੂੰ ਬਿਰਧ ਆਸ਼ਰਮ ਵਿੱਚ ਬਦਲ ਦਿੱਤਾ ਸੀ। ਕਈ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ, ਕੁਝ ਘਰੇਲੂ ਅਤੇ ਕੁਝ ਰਾਜਨੀਤੀ ਦੀਆਂ। ਉਹ ਅਕਸਰ ਦੂਜੀ ਸੰਸਾਰ ਜੰਗ ਦਾ ਜ਼ਿਕਰ ਕਰਦੇ। ਕੁਝ ਸਮਾਂ ਉਹਨਾਂ ਨੇ ਮੱਧ ਪੂਰਬੀ ਏਸ਼ੀਆ ਵਿੱਚ ਅੰਗਰੇਜਾਂ ਦੀ ਫੌਜ ਵਿਚ ਬਤੌਰ ਜੇ.ਸੀ.ਓ ਨੌਕਰੀ ਕੀਤੀ। ਉਹਨਾਂ ਤੋਂ ਸਾਨੂੰ ਦੁਨੀਆ ਦੇ ਵੱਡੇ ਜਰਨੈਲ ਜਿਵੇਂ ਅਮਰੀਕਾ ਦੇ ਮੈਕਾਰਥਰ ਅਤੇ ਪੈਟਨ, ਇੰਗਲੈਂਡ ਦੇ ਮੌਂਟਗੁਮਰੀ, ਜਰਮਨੀ ਦਾ ਹਿਟਲਰ, ਇਟਲੀ ਦਾ ਮੈਸੋਲੀਨੀ, ਅਤੇ ਜਪਾਨ ਦਾ ਟੋਜ਼ੋ ਦੇ ਜੀਵਨ ਬਾਰੇ ਜਾਣਕਾਰੀ ਮਿਲੀ। ਭਾਰਤੀ ਰਾਜਨੀਤੀ ਵਿੱਚ ਉਹ ਪੰਡਿਤ ਜਵਾਹਰ ਲਾਲ ਨਹਿਰੂ, ਸ਼੍ਰੀ ਲਾਲ ਬਹਾਦਰ ਸ਼ਾਸਤਰੀ ਅਤੇ ਸ਼੍ਰੀਮਤੀ ਇੰਦਰਾ ਗਾਂਧੀ ਦੀ ਰਾਜਨੀਤੀ ਤੋਂ ਬਹੁਤ ਪ੍ਰਭਾਵਿਤ ਸਨ। ਮੁੰਦਰਾ ਸਾਹਿਬ ਦੀ ਖ਼ਾਸੀਅਤ ਇਹ ਸੀ ਕਿ ਉਹਨਾਂ ਨੇ ਹਮੇਸ਼ਾ ਇਨ੍ਹਾਂ ਨੇਤਾਵਾਂ ਦੀ ਗੈਰਹਾਜ਼ਰੀ ਵਿਚ ਵੀ ਉਹਨਾਂ ਨੂੰ ਹਮੇਸ਼ਾਂ 'ਜੀ' ਸ਼ਬਦ ਨਾਲ ਸੰਬੋਧਿਤ ਕੀਤਾ।



ਇਕ ਗੱਲ ਹੋਰ ਜਿਸ ਦਾ ਉਹ ਹਮੇਸ਼ਾਂ ਜ਼ਿਕਰ ਕਰਦੇ ਸਨ ਉਹ ਹੈ "ਦੀ ਆਰਟ ਆਫ ਏਜ਼ਿੰਗ ਗਰੇਸਫੁਲੀ"। ਸੀਨੀਅਰ ਸਿਟੀਜਨ ਕੌਂਸਲ ਦੀ ਮੀਟਿੰਗ ਵਿੱਚ ਵੀ ਅਸੀਂ ਪੜ੍ਹਦੇ ਹਾਂ ਕਿ "ਖੁਸ਼ਾਮਦੀਦ ਬਢਾਪਾ" ਪਰ ਸ਼ਇਦ ਅਸੀਂ ਸਾਰੇ ਬੁਢਾਪੇ ਤੋਂ ਡਰਦੇ ਹਾਂ। ਮੁੰਦਰਾ ਸਾਹਿਬ ਅਨੁਸਾਰ ਬੁਢਾਪੇ ਨੂੰ ਹੰਢਾਉਣਾ ਸਿੱਖੋ, ਜਵਾਨੀ ਦੀ ਤਰ੍ਹਾਂ ਆਪਣੇ ਆਪ ਨੂੰ ਡਰੈੱਸ-ਅਪ ਕਰੋ, ਚੰਗੇ ਕੱਪੜੇ ਪਾਓ ਅਤੇ ਆਪਣੇ ਖਾਣੇ ਵੱਲ ਵਿਸ਼ੇਸ਼ ਧਿਆਨ ਦਿਉ।ਆਪਣੇ ਆਪ ਨੂੰ ਸਾਰਾ ਦਿਨ ਵਿਅੱਸਤ ਰੱਖੋ। ਉਹਨਾਂ ਅਨੁਸਾਰ ਚੰਗੀਆਂ ਕਿਤਾਬਾਂ ਅਤੇ ਮੈਗਜ਼ੀਨਾਂ ਹੀ ਬੁਢਾਪੇ ਦੀਆਂ ਸੱਚੀਆਂ ਦੋਸਤ ਹਨ। ਉਹ ਆਪ ਵੀ ਹਰ ਵੇਲੇ ਪੜ੍ਹਦੇ ਰਹਿੰਦੇ। ਇਤਹਾਸਿਕ ਕਿਤਾਬਾਂ ਉਹਨਾਂ ਦੀਆਂ ਮਨਪਸੰਦ ਕਿਤਾਬਾਂ ਸਨ। ਇਸਦੇ ਨਾਲ-ਨਾਲ ਆਪਣੇ ਮਨੋਰੰਜਨ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਟੈਲੀਵਿਜ਼ਨ 'ਤੇ ਆਪਣੇ ਮਨਪਸੰਦ ਪ੍ਰੋਗਰਾਮ ਦੇਖੋ। ਮੈਂ ਮਨੋਰੰਜਨ ਲਈ ਉਹਨਾਂ ਨਾਲ ਆਖਰੀ ਫਿਲਮ



## ਸ਼੍ਰੀ ਮੁੰਦਰਾ ਜੀ ਦੀ ਯਾਦ ਵਿੱਚ

ਕੌਸ਼ੱਲਿਆ ਸ਼ਰਮਾ
ਰੂਪਨਗਰ

ਕੁਛ ਲੋਗ ਆਤੇ ਹੈਂ, ਆ ਕਰ ਯੂੰ ਚਲੇ ਜਾਤੇ ਹੈਂ ।
ਕੁਛ ਆ ਕਰ ਮੌਜ ਮਸਤੀ ਮਨਾ ਕਰ ਚਲੇ ਜਾਤੇ ਹੈਂ ।

ਕੁਛ ਇਨਸਾਨ ਬਨ ਕਰ ਆਤੇ ਹੈਂ,
ਕੁਛ ਕਰ ਖੁਦਾ ਬਨ ਜਾਤੇ ਹੈਂ ।
ਐਸਾ ਏਕ ਫ਼ਰਿਸ਼ਤਾ ਭਵਨ ਮੇਂ ਆਇਆ,
ਸੰਦੇਸ਼ਾਂ ਛੋੜ ਕਰ ਚਲੇ ਗਿਆ ।

ਜੋ ਪਾਇਆ ਥਾ ਵੋਹ ਦੇ ਦਿਆ,
ਜੋ ਤੁਮ ਸੇ ਲਿਆ ਲੌਟਾ ਦਿਆ ।
ਰੋਕੋ ਮੱਤ ਮੁਝੇ ਜਾਨੇ ਦੋ,
ਮੈਂ ਨੇ ਅਪਨਾ ਫ਼ਰਜ਼ ਨਿਭਾ ਦਿਆ ।

ਭਵਨ ਦੀਵਾਰੇਂ ਗੂੰਜ ਉਠੀ,
ਰੁਕ ਜਾਓ ਅਭੀ ਨਹੀਂ ਜਾਨਾ ਹੈ ।
ਅਭੀ ਤੋ ਕੁਛ ਬਾਕੀ, ਜੋ ਹਮ ਸਭ ਕੋ ਬਤਲਾਨਾ ਹੈ ।

ਬਿਖਰੇ ਪੜੇ ਥੇ ਹਮ ਸਭ, ਤੁਮ ਨੇ ਜੋੜ ਦਿਆ ।
ਅਪਨੇ ਕਰ ਕਮਲੋਂ ਸੇ ਏਕ ਸੁੰਦਰ ਭਵਨ ਸੰਜੋ ਦਿਆ ।

ਐਸਾ ਕਿਆ ਹੋ ਗਯਾ, ਫਿਰ ਇਨ ਹੰਸਤੇ ਖੇਲਤੇ ਚੇਹਰੋਂ ਕੋ ।
ਕਿਉਂ ਗਮ ਦੇ ਕਰ ਤੂੰ ਨੇ ਛੋੜ ਦਿਆ ।

ਇਤਨਾ ਤੋ ਬਤਲਾਤੇ ਜਾਓ ਹਮੇ,
ਤੁਮ ਲੌਟ ਕੇ ਕਬ ਆਓਗੇ
ਇਨ ਗਮ ਭਰੇ ਚੇਹਰੋਂ ਕੀ ਖੁਸ਼ੀਓਂ ਕੋ ਕਬ ਲੌਟਾਓਗੇ ।
ਇਤਨਾ ਤੋ ਬਤਾ ਦੋ ਹਮੇ,
ਫਿਰ ਲੌਟ ਭਵਨ ਕਬ ਆਓਗੇ ।



## ਸ਼੍ਰੀ ਮੁੰਦਰਾ ਜੀ ਨੂੰ ਸਮਰਪਿਤ

ਬਲਬੀਰ ਸਿੰਘ ਸੈਣੀ
ਨੰਗਲ

ਮਹੀਨਾ ਯਾਦ ਰੱਖਾਂਗੇ, ਤਰੀਕ ਯਾਦ ਰੱਖਾਂਗੇ ।
ਤੇਰੀ ਯਾਦ ਸਦਾ, ਸਦਾ ਤੀਕ ਯਾਦ ਰੱਖਾਂਗੇ ।

ਸੱਜਣਾਂ ਦਾ ਚੇਤਾ ਨਾ ਭੁਲਾਇਆਂ ਕਦੇ ਭੁੱਲਦਾ।
ਕਾਲ਼ਜੇ ਦਾ ਖ਼ੂਨ ਰਹੇ, ਅੱਖਾਂ ਥਾਣੀ ਡੁੱਲ੍ਹਦਾ ।
ਕਿੰਨਾ ਸੀ ਤੂੰ ਸਾਡੇ ਨਜ਼ਦੀਕ, ਯਾਦ ਰੱਖਾਂਗੇ ।
ਮਹੀਨਾ ਯਾਦ ਰੱਖਾਂਗੇ........................।

ਕਲੀਆਂ ਤੋਂ ਕੂਲ਼ਾ ਤੇਰਾ ਫੁੱਲਾਂ ਜਿਹਾ ਚਿੱਤ ਸੀ।
ਯਾਰਾਂ ਦੀ ਕੀ ਗੱਲ ਤੂੰ ਤਾਂ ਵੈਰੀ ਦਾ ਵੀ ਮਿੱਤ ਸੀ।
ਉਮਰਾਂ ਦੀ ਪੂਰੀ ਤਹਿਰੀਕ ਯਾਦ ਰੱਖਾਂਗੇ ।
ਮਹੀਨਾ ਯਾਦ ਰੱਖਾਂਗੇ........................।

ਸੰਗੀ-ਸਾਥੀ ਸਾਰੇ ਤੇਰੇ ਹੋਏ ਦਿਲਗੀਰ ਨੇ ।
ਮਿਲਣਾ ਨਾ ਹੁਣ ਕਦੇ ਸਾਡੇ ਸੱਚੇ ਪੀਰ ਨੇ ।
ਸਾਰਿਆਂ ਦਾ ਤੂੰ ਸੀ ਪ੍ਰਤੀਕ, ਯਾਦ ਰੱਖਾਂਗੇ ।
ਮਹੀਨਾ ਯਾਦ ਰੱਖਾਂਗੇ........................।

ਤੇਰੇ ਮਿੱਥੇ ਟੀਚਿਆਂ ਨੂੰ ਅੱਗੇ ਹੀ ਵਧਾਵਾਂਗੇ ।
ਕਈ ਬੂਟੇ ਕੋਰਸਾਂ ਦੇ 'ਸੈਣੀ ਭਵਨ' ਲਾਵਾਂਗੇ ।
ਵਾਹੀ ਏ ਤੂੰ 'ਸੈਣੀ' ਜਿਹੜੀ ਲੀਕ ਯਾਦ ਰੱਖਾਂਗੇ ।
ਮਹੀਨਾ ਯਾਦ ਰੱਖਾਂਗੇ,ਤਰੀਕ ਯਾਦ ਰੱਖਾਂਗੇ ।
ਤੇਰੀ ਯਾਦ ਸਦਾ ਸਦਾ ਤੀਕ ਯਾਦ ਰੱਖਾਂਗੇ ।

He ,who lives in rage is like a man with hot coals on his palms. So how can I hurt him when he is already burning in his self-created inferno. -Mahatma Buddha

You can not change your future.
You can change your habits.
And Surely,
Your habits will change your future.
-Dr. A.P.J. Abdul Kalam

## Pious Thoughts

The more you give, the more you get.
The more you laugh, the less you fret.
For only what we give away,
Enriches us from day to day.
(Provided by Pro.Malkiat Singh)

Life can not be a play for a person
who believes in death. - Guru Maa

ਦੇਖੀ ਸੀ "ਉੜਤਾ ਪੰਜਾਬ"।

ਇੱਕ ਦਿਨ ਗੱਲਾਂ ਹੀ ਗੱਲਾਂ ਵਿਚ ਫ਼ਿਲਮਾਂ ਦੀ ਗੱਲ ਚੱਲ ਪਈ। ਮੈਂ ਉਹਨਾਂ ਨੂੰ ਅਮਿਤਾਭ ਬੱਚਨ ਦੀ ਇਕ ਫਿਲਮ ਦੀ ਗੱਲ ਦੱਸ ਰਿਹਾ ਸੀ ਜਿਸ ਵਿੱਚ ਉਹ ਇੱਕ ਬੱਚੇ ਨੂੰ ਕਹਾਣੀ ਸੁਣਾ ਰਿਹਾ ਸੀ ਕਿ ਇੱਕ ਦਿਨ ਮੈਂ ਜੰਗਲ ਵਿਚ ਜਾ ਰਿਹਾ ਸੀ ਅਤੇ ਉਪਰੋਂ ਸ਼ੇਰ ਆ ਗਿਆ। ਬੱਚੇ ਨੇ ਪੁੱਛਿਆ, "ਫਿਰ ਕੀ ਹੋਇਆ ਅੰਕਲ"। ਅਮਿਤਾਭ ਕਹਿੰਦਾ ਹੈ ਕਿ ਹੋਣਾ ਕੀ ਸੀ। ਕੰਬਖਤ ਮੈਨੂੰ ਮਾਰ ਕੇ ਖਾ ਗਿਆ। ਬੱਚਾ ਕਹਿੰਦਾ ਹੈ ਕਿ ਅੰਕਲ ਤੁਸੀਂ ਤਾਂ ਜਿਉਂਦੇ ਹੋ । ਅਮਿਤਾਭ ਕਹਿੰਦਾ ਹੈ ਕਿ ਇਹ ਜੀਣਾ ਵੀ ਕੋਈ ਜੀਣਾ ਹੈ ਲੱਲੂ। ਮੁੰਦਰਾ ਸਾਹਿਬ ਹੱਸ ਹੱਸ ਕੇ ਦੂਹਰੇ ਹੋ ਗਏ।

ਇਹ ਗੱਲ ਮੈਂ ਇਸ ਲਈ ਸਾਂਝੀ ਕਰ ਰਿਹਾ ਹਾਂ ਕਿਉਂਕਿ ਇਹ ਗੱਲ ਮੇਰੇ ਨਾਲ ਬੀਤੀ ਹੈ। ਮੇਰੇ ਪਿਤਾ ਜੀ ਦਾ ਸੁਰਗਵਾਸ ਸੌ ਤੋਂ ਉਪਰ ਦੀ ਉਮਰ ਵਿੱਚ ਇਸੇ ਸਾਲ ਹੋਇਆ ਹੈ। ਉਹ ਬਹੁਤ ਹੀ ਰਿਸ਼ਟ-ਪੁਸ਼ਟ ਇਨਸਾਨ ਸਨ। ਇਸ ਸਾਲ ਜਨਵਰੀ ਵਿੱਚ ਉਹ ਬਿਮਾਰ ਹੋ ਗਏ ਤੇ ਉਨ੍ਹਾਂ ਦੀਆਂ ਲੱਤਾਂ ਬਾਹਾਂ ਅਤੇ ਜ਼ਬਾਨ ਨੇ ਕੰਮ ਕਰਨਾ ਬੰਦ ਕਰ ਦਿੱਤਾ। ਸ਼ਾਇਦ ਨਮੋਨੀਆ ਹੋਣ ਕਾਰਨ ਦੋ ਮਹੀਨੇ ਬਾਅਦ ਜਦੋਂ ਉਹ ਇਸ ਜੀਵਨ ਤੋਂ ਥੱਕ ਗਏ ਤਾਂ ਔਖੇ ਸੌਖੇ ਮੈਨੂੰ ਕਹਿਣ ਲੱਗੇ ਕਿ ਕਿਤੋਂ ਨੀਂਦ ਦੀਆਂ ਗੋਲੀਆਂ ਲਿਆ ਦੇ। ਮੈਂ ਹੱਸ ਪਿਆ ਤੇ ਕਹਿਣ ਲੱਗਾ ਕਿ ਆਪਾਂ ਇਹ ਕੰਮ ਨਹੀਂ ਕਰਨਾ। ਸ਼ਾਮ ਨੂੰ ਮੈਂ ਇਹ ਗੱਲ ਮੁੰਦਰਾ ਸਾਹਿਬ ਨਾਲ ਸਾਂਝੀ ਕੀਤੀ । ਇਥੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਪਿਤਾ ਜੀ ਅਤੇ ਮੁੰਦਰਾ ਸਾਹਿਬ ਰਿਸ਼ਤੇਦਾਰ ਘੱਟ ਪਰ ਦੋਸਤ ਵੱਧ ਸਨ। ਮੇਰੀ ਗੱਲ ਸੁਣ ਕੇ ਮੁੰਦਰਾ ਸਾਹਿਬ ਵੀ ਹੱਸ ਪਏ ਪਰ ਆਖਣ ਲੱਗੇ ਕਿ ਮੈਨੂੰ ਪਤਾ ਹੈ ਕਿ ਬੁਢਾਪਾ ਕੀ ਚੀਜ਼ ਹੈ ਉਸ ਉੱਪਰ ਬਿਮਾਰੀ ਦੀ ਇਹ ਹਾਲਤ ।ਉਹ ਕਹਿਣ ਲੱਗੇ ਕਿ ਮੈਂ ਤਾਂ ਪਰਮਾਤਮਾ ਅੱਗੇ ਇਹ ਹੀ ਅਰਦਾਸ ਕਰਦਾ ਹਾਂ ਕਿ ਉਹ ਹੁਣ ਪ੍ਰੀਤਮ ਸਿੰਘ ਦਾ ਇਹ ਕਸ਼ਟ ਦੂਰ ਕਰ ਦੇਵੇ ਅਤੇ ਆਪਣੇ ਕੋਲ ਬੁਲਾ ਲਵੇ । ਮੇਰੇ ਪਿਤਾ ਜੀ ਦੀ ਮੌਤ ਤੋਂ ਇਕ ਦਿਨ ਪਹਿਲਾਂ ਮੁੰਦਰਾ ਸਾਹਿਬ ਵੀ ਇਸ ਬਿਮਾਰੀ ਦਾ ਸ਼ਿਕਾਰ ਹੋ ਗਏ ਅਤੇ ਹਸਪਤਾਲ ਪਹੁੰਚ ਗਏ । ਉਨ੍ਹਾਂ ਨੇ ਵੀ ਪੱਚੀ ਕੁ ਦਿਨ ਬਹੁਤ ਕਸ਼ਟ ਝੱਲੇ ਅਤੇ ਅੰਤ ਪੰਜ ਜੂਨ 2017 ਨੂੰ ਸਵਰਗ ਸਧਾਰ ਗਏ।

ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸਹਿਜ ਪਾਠ ਦਾ ਭੋਗ 11 ਜੂਨ 2017 ਨੂੰ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਪਾਇਆ ਗਿਆ ਅਤੇ ਅੰਤਿਮ ਅਰਦਾਸ ਗੁਰਦੁਆਰਾ ਕੋਟ ਪੁਰਾਣ ਹੈੱਡ ਦਰਬਾਰ ਰੂਪਨਗਰ ਵਿਖੇ ਕੀਤੀ ਗਈ। ਇਸ ਵਿੱਚ ਰੂਪਨਗਰ ਸ਼ਹਿਰ ਅਤੇ ਆਲੇ-ਦੁਆਲੇ ਦੇ ਇਲਾਕੇ ਤੋਂ ਬਹੁਤ ਵੱਡੀ ਗਿਣਤੀ ਵਿੱਚ ਮੁੰਦਰਾ ਸਾਹਿਬ ਦੇ ਪ੍ਰੇਮੀ ਅਤੇ ਸੱਜਣ ਮਿੱਤਰ ਸ਼ਾਮਲ ਹੋਏ।

ਕਹਾਣੀ

## ਸ਼ੇਖ ਚਿਲੀ

ਬਹੁਤ ਪੁਰਾਣੀ ਗੱਲ ਹੈ ਕਿ ਇੱਕ ਸਿੱਧੜ ਜਿਹਾ ਬੰਦਾ ਸੀ ਜਿਸ ਦਾ ਨਾਂ ਸ਼ੇਖ ਚਿਲੀ ਸੀ। ਆਪਣੇ ਮੂਰਖਾਂ ਵਾਲੇ ਪਰ ਮਾਸੂਮ ਕੰਮਾਂ ਕਾਰਨ ਉਹ ਆਪਣੇ ਮਿੱਤਰਾਂ ਵਿੱਚ ਬਹੁਤ ਹਰਮਨਪਿਆਰਾ ਸੀ। ਉਸਦੇ ਮਿੱਤਰ ਉਸ ਦੀ ਸੰਗਤ ਵਿੱਚ ਰਹਿ ਕੇ ਖ਼ੁਸ਼ ਹੁੰਦੇ ਸਨ।

ਇੱਕ ਦਿਨ ਪਿੰਡ ਦੇ ਜ਼ਿਮੀਂਦਾਰ ਨੇ ਉਸ ਨੂੰ ਆਪਣੇ ਕੋਲ ਸੱਦਿਆ। ਇਸ ਜ਼ਿਮੀਂਦਾਰ ਦੀ ਬੇਈਮਾਨੀ ਦੀ ਘਰ ਘਰ ਚਰਚਾ ਸੀ। ਉਹਨੇ ਸ਼ੇਖ ਚਿਲੀ ਨੂੰ ਪਿੰਡ ਦੇ ਸਾਰੇ ਘਰ ਗਿਣਨ ਲਈ ਆਖਿਆ। ਉਸਨੇ ਹਰ ਘਰ ਪਿੱਛੇ ਪੱਚੀ ਪੈਸੇ ਦੇਣ ਦਾ ਇਕਰਾਰ ਕੀਤਾ।

ਵਿਚਾਰੇ ਸ਼ੇਖ ਚਿਲੀ ਨੇ ਪਿੰਡ ਦੀਆਂ ਗਲੀਆਂ-ਬੀਹੀਆਂ ਵਿੱਚ ਟੁਰਦਿਆਂ-ਫਿਰਦਿਆਂ ਬੜੀ ਮਿਹਨਤ ਨਾਲ ਕਈ ਘੰਟੇ ਲਾ ਕੇ ਇਸ ਕੰਮ ਨੂੰ ਪੂਰਾ ਕੀਤਾ। ਆਥਣ ਤਕ ਉਸ ਨੇ ਸਾਰੇ ਘਰਾਂ ਦੀ ਗਿਣਤੀ ਜ਼ਿਮੀਂਦਾਰ ਨੂੰ ਦੱਸ ਦਿੱਤੀ ਅਤੇ ਪੈਸੇ ਲੈ ਲਏ। ਪਿਛੋਂ ਜਦੋਂ ਸ਼ੇਖ ਚਿਲੀ ਦੇ ਮਿੱਤਰਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਸਨੂੰ ਮਿਲਣ ਗਏ।

ਇਕ ਮਿੱਤਰ ਨੇ ਕਿਹਾ, "ਮੂਰਖਾ, ਜ਼ਿਮੀਂਦਾਰ ਲਈ ਇਹ ਕੰਮ ਕਰਨ ਤੋਂ ਪਹਿਲਾਂ ਤੈਨੂੰ ਸਾਡੇ ਨਾਲ ਵਿਚਾਰ ਕਰਨੀ ਚਾਹੀਦੀ ਸੀ। ਕੀ ਤੂੰ ਨਹੀਂ ਜਾਣਦਾ ਕਿ ਜ਼ਿਮੀਂਦਾਰ ਬਹੁਤ ਬੇਈਮਾਨ ਬੰਦਾ ਹੈ?"

"ਮੇਰਾ ਪੱਕਾ ਵਿਸ਼ਵਾਸ ਹੈ ਕਿ ਜ਼ਿਮੀਂਦਾਰ ਨੇ ਤੈਨੂੰ ਠੱਗ ਲਿਆ ਹੈ।" ਦੂਜੇ ਮਿੱਤਰ ਨੇ ਅਫ਼ਸੋਸ ਨਾਲ ਸਿਰ ਮਾਰਦਿਆਂ ਕਿਹਾ।

"ਨਹੀਂ ਯਾਰ! ਏਸ ਵਾਰ ਉਸਨੇ ਕੋਈ ਧੋਖਾ ਨਹੀਂ ਕੀਤਾ" ਸ਼ੇਖ ਚਿਲੀ ਨੇ ਬੜੇ ਵਿਸ਼ਵਾਸ ਨਾਲ ਕਿਹਾ।

"ਧੋਖਾ ਨਹੀਂ ਦਿੱਤਾ? ਤੈਨੂੰ ਪਤਾ?" ਇੱਕ ਹੋਰ ਮਿੱਤਰ ਨੇ ਪੁੱਛਿਆ।

"ਮੈਨੂੰ ਪਤਾ ਹੈ ਕਿਉਂਕਿ ਏਸ ਵਾਰ ਉਹਨੂੰ ਮੈਂ ਠੱਗਿਆ ਹੈ।" ਸ਼ੇਖ ਚਿਲੀ ਨੇ ਖ਼ੁਸ਼ੀ ਪਰਗਟ ਕਰਦਿਆਂ ਉੱਤਰ ਦਿੱਤਾ। ਸ਼ੇਖ ਚਿਲੀ ਦੇ ਮਿੱਤਰ ਇਹ ਸੁਣ ਕੇ ਬਹੁਤ ਹੈਰਾਨ ਹੋਏ ਤੇ ਕਹਿਣ ਲੱਗੇ ਤੂੰ ਕੀ ਕਹਿਣਾ ਚਾਹੁੰਦਾ ਏਂ?

"ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਬੜੀ ਹੁਸ਼ਿਆਰੀ ਨਾਲ ਉਸ ਨੂੰ ਘਰਾਂ ਦੀ ਘੱਟ ਗਿਣਤੀ ਦੱਸੀ ਸੀ" ਸ਼ੇਖ ਚਿਲੀ ਨੇ ਬੜੇ ਮਾਣ ਨਾਲ ਕਿਹਾ।

"ਅਸਲ ਵਿਚ ਮੈਂ ਜਿੰਨੇ ਘਰ ਗਿਣੇ ਸਨ, ਉਹਨਾਂ ਵਿਚੋਂ ਕੇਵਲ ਅੱਧਿਆਂ ਦੀ ਹੀ ਗਿਣਤੀ ਦੱਸੀ ਸੀ।"

❋ ❋ ❋ ❋ ❋

ਚਾਰ ਬੀਹਾਂ ਦਾ ਪੈਂਡਾ ਤੁਰ ਕੇ ਪਿੱਛੇ ਝਾਤ ਜੋ ਮਾਰੀ,
ਮਿੱਠੀਆਂ ਅਤੇ ਸੁਆਦੀ ਯਾਦਾਂ ਆਈਆਂ ਵਾਰੋ ਵਾਰੀ।



# ਮੁੰਦਰਾ ਸਾਹਿਬ ਦੀ ਵਸੀਹਤ

(ਅਸਲੀ ਰੂਪ ਵਿਚ)

(1)

## ਮੇਰੀ ਆਖ਼ਰੀ ਖ਼ਵਾਹਿਸ਼ (ਵਸੀਹਤ)

ਆਜ 2009 ਦੀ ਪਹਿਲੀ ਅਕਤੂਬਰ (ਵੀਰਵਾਰ) ਹੈ। ਇਸੀ ਦਿਨ ਪਹਿਲੀ ਅਕਤੂਬਰ 1921 ਕੋ ਇਸ ਸੰਸਾਰ ਮੇਂ ਮੇਰੇ ਪਿਤਾ ਚੌਧਰੀ ਮੁਨਸ਼ੀ ਰਾਮ ਜੀ ਔਰ ਮਾਤਾ ਸ਼੍ਰੀਮਤੀ ਆਤਮਾ ਦੇਵੀ ਜੀ ਕੇ ਘਰ ਮੇਰਾ ਜਨਮ ਹੁਆ। ਆਜ 88 ਸਾਲ ਪੂਰੇ ਹੋ ਗਏ ਹੈਂ। 22 ਫਰਵਰੀ, 1945 ਕੋ ਸ਼੍ਰੀਮਤੀ ਸਰਸਵਤੀ ਦੇਵੀ ਕੋ ਅਪਨਾ ਜੀਵਨ ਸਾਥੀ ਬਨਾਇਆ। ਭਗਵਾਨ ਕੀ ਕਿਰਪਾ ਸੇ ਬਹੁਤ ਹੀ ਸੁਖਮਈ ਜੀਵਨ ਬਤੀਤ ਕੀਆ, ਮਗਰ ਵੋਹ 7 ਮਈ, 2006 ਕੋ ਅਪਨੀ ਜੀਵਨ-ਯਾਤਰਾ ਪੂਰੀ ਕਰਕੇ ਪ੍ਰਲੋਕ ਸਿਧਾਰ ਗਏ, ਮੈਂ ਭੀ ਬਹੁਤ ਤੇਜ਼ੀ ਸੇ ਅਪਨੀ ਜ਼ਿੰਦਗੀ ਕੀ ਆਖ਼ਰੀ ਮੰਜ਼ਿਲ ਕੀ ਤਰਫ਼ ਬੜ੍ਹ ਰਹਾ ਹੂੰ। ਨਾ ਜਾਨੇ ਫਿਰ ..................

ਕਬ ਇਕ ਦਿਨ ਐਸਾ ਆਏਗਾ,<br>
ਦਿਲ ਕੀ ਧੜਕਨ ਰੁਕ ਜਾਏਗੀ।<br>
ਆਂਖੋਂ ਕੇ ਦੀਏ ਬੁੱਝ ਜਾਏਂਗੇ,<br>
ਹਾਥੋਂ ਕੇ ਕਮਲ ਕੁਮਲਾ ਜਾਏਂਗੇ।<br>
ਰੂਹ ਕਾ ਭੌਰਾ ਉੜ ਜਾਏਗਾ,<br>
ਮਿੱਟੀ ਮੇਂ ਮਿੱਟੀ ਮਿਲ ਜਾਏਗੀ।<br>
ਯੇਹ ਜੀਵਨ ਸਫ਼ਰ ਸਮਾਪਤ ਹੋ ਜਾਏਗਾ,<br>
ਯਾਦੇਂ ਧੁੰਦਲੀ ਪੜ ਜਾਏਂਗੀ।<br>
ਕੁਦਰਤ ਕਾ ਇਕ ਨਿਯਮ ਹੈ ਯੇਹ,<br>
ਸਦੀਓਂ ਪੁਰਾਨਾ ਖੇਲ ਹੈ ਯੇਹ।

1.10.2009

(2)

ਨਾ ਜਾਨੇ ਯੇਹ ਵਕਤ ਕਬ ਆ ਜਾਏ! ਨਾ ਮਾਲੂਮ ਉਸ ਵਕਤ ਹਾਲਾਤ ਕੈਸੇ ਹੋਂ! ਇਸ ਲੀਏ ਮੈਂ ਅਪਨੇ ਰਿਸ਼ਤੇਦਾਰੋਂ, ਵਾਰਸਾਨ, ਯਾਰ-ਦੋਸਤੋਂ ਕੇ ਲੀਏ ਯੇਹ ਹਦਾਇਤ ਲਿਖ ਰਹਾ ਹੂੰ ਤਾਕਿ ਉਨ ਕੋ ਮੇਰੀ ਆਖ਼ਰੀ ਰਸੂਮਾਤ ਪੂਰੀ ਕਰਨੇ ਮੇਂ ਕੋਈ ਦਿਕਤ ਪੇਸ਼ ਨਾ ਆਏ ਔਰ ਨਾ ਹੀ ਕੋਈ ਸ਼ਕੋ-ਸ਼ੁਬਾ ਰਹੇ।

ਯੇਹ ਹਦਾਇਤ ਮੈਂ, ਲੇਖ ਰਾਜ ਮੁੰਦਰਾ ਪੁੱਤਰ ਚੌਧਰੀ ਮੁਨਸ਼ੀ ਰਾਮ ਜੀ, ਮਾਤਾ ਸ਼੍ਰੀਮਤੀ ਆਤਮਾ ਦੇਵੀ ਜੀ ਅਪਨੇ ਪੂਰੇ ਹੋਸ਼ੋ-ਹਵਾਸ ਮੇਂ ਅਪਨੀ ਖ਼ੁਸ਼ੀ ਸੇ ਬਗ਼ੈਰ ਕਿਸੀ ਕੇ ਦਬਾਓ ਸੇ ਲਿਖ ਰਹਾਂ ਹੂੰ। ਮੈਂ ਚਾਹੂੰਗਾ ਕਿ ਇਨ ਹਦਾਇਤੋਂ ਕੇ ਮੁਤਾਬਿਕ ਮੇਰੀ ਅੰਤਿਮ ਯਾਤਰਾ ਕੀ ਰਸੂਮਾਤ ਅਦਾ ਕੀ ਜਾਏਂ:-

1) ਮੇਰੀ ਮ੍ਰਿਤੂ ਕੇ ਬਾਅਦ ਯੇਹ ਮੁਹਰਬੰਦ ਲਿਫ਼ਾਫ਼ਾ ਸਬ ਕੇ ਸਾਮਨੇ ਖੋਲਾ ਜਾਏ ਔਰ ਸਬ ਕੋ ਪੜ੍ਹ ਕਰ ਸੁਨਾਇਆ ਜਾਏ ਤਾਕਿ ਕਿਸੀ ਕੋ ਕੋਈ ਸ਼ਕੋ-ਸ਼ੁਬਾ ਨਾ ਰਹੇ।

2) ਮੇਰਾ ਯੇਹ ਮਕਾਨ ਨੰ: 4448, ਜੋ ਕਿ "ਮੁੰਦਰਾ ਹਾਊਸ" ਕੇ ਨਾਮ ਸੇ ਪ੍ਰਸਿੱਧ ਹੈ, ਕੋ ਮੈਨੇ ਅਪਨੀ ਸਵਰਗਵਾਸੀ ਪਤਨੀ ਸ਼੍ਰੀਮਤੀ ਸਰਸਵਤੀ ਦੇਵੀ ਮੁੰਦਰਾ ਕੇ ਨਾਮ ਟਰੱਸਟ ਬਨਾ ਦੀਆ ਹੈ, ਜਿਸ ਕੀ ਬਾਕਾਇਦਾ ਰਜਿਸਟਰੀ ਨੰ: 415/4, ਮਿਤੀ 27-11-2006 ਕੋ ਬਨਵਾ ਕਰ ਬਜ਼ੁਰਗੋਂ ਕੇ ਲੀਏ "ਅਪਨਾ ਘਰ" ਯਾਨਿ Old Age Home ਬਨਾ ਕਰ ਟਰੱਸਟ ਕੇ ਹਵਾਲੇ ਕਰ ਦੀਆ ਹੈ। ਟਰੱਸਟੀਜ਼ ਕੇ ਨਾਮ ਟਰੱਸਟ ਡੀਡ ਮੇਂ ਦਰਜ ਹੈਂ। ਮੈਂ ਚਾਹੂੰਗਾ ਕਿ ਯੇਹ ਇਸੇ ਤਰ੍ਹਾਂ ਕਾਇਮ ਚਲਤਾ ਰਹੇ।

1.10.2009

3) ਮੇਰੀ ਮ੍ਰਿਤੂ ਕੇ ਬਾਅਦ ਬਗ਼ੈਰ ਕਿਸੀ ਸ਼ੋਰ-ਸ਼ਰਾਬਾ, ਬਗ਼ੈਰ ਕਿਸੀ ਕੀ ਇੰਤਜ਼ਾਰ ਕੇ ਹਵੇਲੀ ਕਲਾਂ ਕੇ ਸ਼ਮਸ਼ਾਨਘਾਟ, ਦਰਿਆ ਸਤਲੁਜ ਕੇ ਕਿਨਾਰੇ ਮੇਰੇ ਜਿਸਮ ਕੋ ਅਗਨੀ ਦੀ ਜਾਏ।

(3)

4) "ਅਪਨਾ ਘਰ" ਯਾਨਿ "ਸਰਸਵਤੀ ਦੇਵੀ ਮੁੰਦਰਾ ਟਰੱਸਟ" ਕੇ ਟਰੱਸਟੀਓਂ ਮੇਂ ਸੇ ਕੋਈ ਏਕ ਟਰੱਸਟੀ ਮੇਰੀ ਚਿਤਾ ਕੋ ਆਗ ਦੇਗਾ।

5) ਅਗਲੇ ਮੁਨਾਸਿਬ ਦਿਨ ਫੂਲ ਯਾਨਿ ਹੱਡੀਓਂ ਔਰ ਰਾਖ ਕੋ ਇਕੱਠਾ ਕਰਕੇ ਦਰਿਆ ਸਤਲੁਜ, ਜੋ ਪਵਿੱਤਰ ਮਾਨਸਰੋਵਰ ਸੇ ਨਿਕਲਤਾ ਹੈ, ਨਹਿਰ ਕੇ ਪੁਲ ਕੇ ਊਪਰ ਕੀ ਤਰਫ਼ ਗਹਿਰੇ ਪਾਨੀ ਮੇਂ ਵਿਸਰਜਨ ਕਰ ਦੀ ਜਾਏਂ, ਔਰ ਕਹੀਂ ਜਾਨੇ ਕੀ ਜ਼ਰੂਰਤ ਨਹੀਂ ਹੈ। ਮੇਰੇ ਲੀਏ ਯੇਹੀ ਕੀਰਤਪੁਰ ਸਾਹਿਬ ਹੈ, ਹਰਿਦੁਆਰ ਹੈ ਔਰ ਯੇਹੀ ਪਰਿਆਗ ਰਾਜ ਹੈ।

6) ਫਿਰ ਕਿਸੀ ਮੁਨਾਸਿਬ 6/7 ਦਿਨ ਬਾਅਦ ਕਿਸੀ ਵਾਜਬ ਜਗ੍ਹਾ ਤਮਾਮ ਰਿਸ਼ਤੇਦਾਰੋਂ, ਯਾਰ-ਮਿੱਤਰੋਂ, ਦੋਸਤੋਂ ਕੋ ਬੁਲਾ ਕਰ ਸੋਗਮਈ ਕੀਰਤਨ ਕੇ ਬਾਅਦ ਭਗਵਾਨ-ਵਾਹਿਗੁਰੂ-ਅਕਾਲਪੁਰਖ ਕੇ ਚਰਨੋਂ ਮੇਂ ਮੇਰੇ ਗੁਨਾਹੋਂ ਕੀ ਮੁਆਫੀ ਕੇ ਲੀਏ ਅੰਤਿਮ ਅਰਦਾਸ ਕੀ ਜਾਏ ਕਿ ਹੇ ਭਗਵਾਨ ਸਵਰਗੀ ਆਤਮਾ ਕੀ ਰੂਹ ਕੋ ਸ਼ਾਂਤੀ ਬਖ਼ਸ਼ੇ। ਅਖ਼ੀਰ ਮੇਂ ਸਾਦਾ ਗੁਰੂ ਕਾ ਲੰਗਰ ਭੀ ਵਰਤਾਇਆ ਜਾਏ। ਯੇਹੀ ਮੇਰੀ ਇੱਛਾ ਹੈ।

7) ਕਿਸੀ ਕਿਸਮ ਕੀ ਸ਼ਰਧਾਂਜਲੀ ਦੇਨੇ ਕੀ ਜ਼ਰੂਰਤ ਨਹੀਂ ਹੈ।

8) ਮੇਰੇ ਅਕਾਊਂਟਸ ਇੰਡੀਅਨ ਬੈਂਕ, ਰੋਪੜ, ਨਜ਼ਦੀਕ ਮਿਊਂਸੀਪਲ ਕਮੇਟੀ, ਰੋਪੜ ਔਰ ਪੰਜਾਬ ਨੈਸ਼ਨਲ ਬੈਂਕ, ਕਾਲਜ ਰੋਡ, ਰੋਪੜ ਮੇਂ ਹੈਂ। ਇਨ ਦੋਨੋਂ ਬੈਂਕੋਂ ਮੇਂ ਮੈਨੇ ਸ਼੍ਰੀਮਤੀ ਦਵਿੰਦਰ ਕੌਰ ਪਤਨੀ ਸਵ: ਸ. ਮੋਹਨ ਸਿੰਘ ਕੋ ਨਾਮਜ਼ਦ ਕਰ ਰੱਖਾ ਹੈ। ਵੋਹ ਬੈਂਕ ਸੇ ਰੁਪਿਆ ਨਿਕਲਵਾ ਕਰ ਇਸ ਬਹੁਤ ਸਾਦਾ ਰਸਮੋ-ਰਿਵਾਜ ਕੇ ਲੀਏ ਰਕਮ ਅਦਾ ਕਰੇਗੀ।

(4)

9) ਸਬ ਖਰਚ ਕਰਨੇ ਕੇ ਬਾਅਦ ਜੋ ਰਕਮ ਬਚ ਜਾਏ, ਉਸ ਕੀ 25% ਰਕਮ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ, ਸੈਣੀ ਭਵਨ ਰੋਪੜ-25% ਸੈਣੀ ਭਵਨ, ਰੋਪੜ - 25% "ਅਪਨਾ ਘਰ" Old Age Home, ਹਵੇਲੀ ਕਲਾਂ, ਰੋਪੜ ਕੋ ਬਤੌਰ ਦਾਨ ਦੀਆ ਜਾਏ ਔਰ ਬਕਾਇਆ ਰਕਮ ਮੇਂ ਸੇ 50,000/- (ਪਚਾਸ ਹਜ਼ਾਰ) ਰੁਪਏ ਸ਼੍ਰੀਮਤੀ ਦਵਿੰਦਰ ਕੌਰ ਅਪਨੇ ਨਿੱਜੀ ਇਸਤੇਮਾਲ ਕੇ ਲੀਏ - 10,000 (ਦਸ ਹਜ਼ਾਰ) ਰੁਪਏ ਸ਼੍ਰੀਮਤੀ ਆਗਿਆ ਮਾਈ (ਅਗਰ ਅਬ ਤੱਕ ਮੌਜੂਦ ਹੈ) ਕੇ ਲੀਏ ਰੱਖ ਕਰ ਬਚੀ ਹੋਈ ਰਕਮ ਕੋ ਗੁਰਦੁਆਰਾ ਹਵੇਲੀ ਕਲਾਂ-ਕ੍ਰਿਸ਼ਨਾ ਮੰਦਰ, ਹਵੇਲੀ ਕਲਾਂ-ਸ਼ਮਸ਼ਾਨਘਾਟ, ਹਵੇਲੀ ਕਲਾਂ- ਗੁਰਦੁਆਰਾ ਭਗਤ ਰਵੀ ਦਾਸ ਜੀ, ਹਵੇਲੀ ਕਲਾਂ ਮੇਂ ਬਰਾਬਰ-ਬਰਾਬਰ ਤਕਸੀਮ ਕਰਕੇ ਬਾਂਟ ਦੀਆ ਜਾਏ। ਇਸ ਕਾਮ ਮੇਂ ਸ. ਬਲਬੀਰ ਸਿੰਘ ਸੈਕਟਰੀ ਸੈਣੀ ਭਵਨ, ਰੋਪੜ ਔਰ ਸ਼੍ਰੀ ਐਮ. ਸੀ. ਸ਼ਰਮਾ ਮੈਨੇਜਰ "ਅਪਨਾ ਘਰ" Old Age Home, ਸ਼੍ਰੀਮਤੀ ਦਵਿੰਦਰ ਕੌਰ ਕੀ ਮਦਦ ਕਰੇਂਗੇ।

10) ਮੇਰੀ ਜ਼ਮੀਨ ਮੇਰੇ ਦੋਨੋਂ ਭਾਈਓਂ ਕੇ ਬੱਚੋਂ ਮੇਂ ਕਾਨੂੰਨ ਕੇ ਮੁਤਾਬਿਕ ਤਕਸੀਮ ਕਰ ਦੀ ਜਾਏ।

11) ਮੇਰੇ ਪਰਿਵਾਰ ਕੇ ਸਬ ਮੈਂਬਰ ਮੇਰੀ ਬਹੁਤ ਇਜ਼ਤ ਕਰਤੇ ਥੇ, ਸੇਵਾ ਕਰਤੇ ਥੇ, ਹਮਾਰਾ ਆਪਸ ਮੇਂ ਬਹੁਤ ਪਿਆਰ-ਮੁਹੱਬਤ ਰਹਾ। ਭਗਵਾਨ ਇਸੀ ਤਰ੍ਹਾਂ ਆਪਸ ਮੇਂ ਇਤਫ਼ਾਕ, ਪਿਆਰ-ਮੁਹੱਬਤ ਬਨਾਏ ਰੱਖੇ।

12) ਮੈਨੇ ਬਹੁਤ ਹੀ ਪਿਆਰ-ਭਰਾ ਸਾਦਾ ਜੀਵਨ ਗੁਜ਼ਾਰਾ ਹੈ, ਮੁਝੇ ਕਿਸੀ ਸੇ ਕੋਈ ਗਿਲਾ-ਸ਼ਿਕਵਾ-ਸ਼ਿਕਾਇਤ ਨਹੀਂ ਹੈ। ਹਾਂ, ਅਗਰ ਮੁਝ ਸੇ ਕੋਈ ਗ਼ਲਤੀ ਹੋ ਗਈ ਹੋ ਤੋ ਮੈਂ ਮੁਆਫ਼ੀ ਚਾਹਤਾ ਹੂੰ।

4

(5)

13) ਤਮਾਮ ਫੈਮਿਲੀ ਮੈਂਬਰਾਨ ਔਰ ਤੀਨੋਂ ਟਰੱਸਟੋਂ ਕੇ ਟਰੱਸਟੀਜ਼ ਸਾਹਿਬਾਨ ਕੀ ਸੇਵਾ ਮੇਂ ਨਿਵੇਦਨ ਹੈ ਕਿ ਮਿਲ-ਜੁਲ ਕਰ ਮੇਰੀ ਇਸ ਆਖ਼ਰੀ ਖ਼ਵਾਹਿਸ਼ ਕੋ ਖ਼ੁਸ਼ੀ-ਖ਼ੁਸ਼ੀ ਪੂਰੀ ਕਰੇਂ ਤੋ ਮੇਰੀ ਰੂਹ ਕੋ ਸ਼ਾਂਤੀ ਮਿਲੇਗੀ।

14) ਮੇਰਾ ਸਬ ਰਿਸ਼ਤੇਦਾਰੋਂ, ਯਾਰ-ਦੋਸਤੋਂ ਔਰ ਤਮਾਮ ਗਾਉਂ ਵਾਲੋਂ ਕੋ ਬਹੁਤ-ਬਹੁਤ ਪਰਣਾਮ ਔਰ ਸਤਿ ਸ੍ਰੀ ਅਕਾਲ।

ਇਜਾਜ਼ਤ ਦੋ ਐ ਦੋਸਤੋ,
ਅਬ ਹਮ ਚਲਤੇ ਹੈਂ!
ਆਪ ਕਾ ਅਪਨਾ ਨਗਰ ਨਿਵਾਸੀ;

1.10.2009
(ਲਿਖ ਰਾਜ ਮੁੰਦਰਾ)
ਪੁੱਤਰ ਚੌਧਰੀ ਮੁਨਸ਼ੀ ਰਾਮ ਜੀ,
ਮਾਤਾ ਸ਼੍ਰੀਮਤੀ ਆਤਮਾ ਦੇਵੀ ਜੀ,
ਮਕਾਨ ਨੰ: 4448, ਮੁੰਦਰਾ ਹਾਊਸ,
ਹਵੇਲੀ ਕਲਾਂ, ਰੋਪੜ -140001 (ਪੰਜਾਬ)

Dated 1, Oct, 2009

ਗਵਾਹ ਗਵਾਹ ਗਵਾਹ

N.S. Sitta Advocate

Pritam Singh Lamberdar
Roop Nagar (Ropar)



# ਤੇਰੇ ਤੁਰ ਜਾਣ 'ਤੇ

ਜਸਵੰਤ ਕੌਰ ਸੈਣੀ
ਰੂਪਨਗਰ

ਜਿਨੀਂ ਰਾਹੀਂ ਤੂੰ ਤੁਰਿਆ
ਉਨ੍ਹਾਂ ਰਾਹਾਂ ਦਾ ਰੇਤਾ ਖੰਡ ਬਣਿਆ
ਜਿਨ੍ਹੀਂ ਰਾਹੀਂ ਤੂੰ ਤੁਰਿਆ, ਇੱਕ ਛਾਂਦਾਰ ਰੁੱਖ ਬਣ ਕੇ
ਉਨ੍ਹੀਂ ਰਾਹੀਂ ਤੁਰਨਾ ਹਾਰੀ-ਸਾਰੀ ਦੇ ਵੱਸ ਦਾ ਨਹੀਂ
ਤੂੰ ਹਰੇਕ ਲਈ ਛਾਂ ਬਣਿਆ,ਹਰੇਕ ਨੂੰ ਫ਼ਲ ਦਿੱਤੇ
ਤੂੰ ਸਭ ਦਾ ਸੀ,ਸਭ ਤੇਰੇ ਸਨ
ਰੁੱਖ ਤਾਂ ਸਭ ਦਾ ਸਾਂਝਾ ਹੁੰਦੈ
ਹਰੇਕ ਦਾ ਸਕਾ, ਹਰੇਕ ਦਾ ਆਪਨਾ
ਹਰੇਕ ਦਾ ਆਪਣਾ, ਹਰੇਕ ਦਾ ਹਮਦਰਦ
ਹਰੇਕ ਦੇ ਦੁੱਖ ਸੁੱਖ ਦਾ ਸਾਂਝੀ
ਤਾਂ ਹੀ ਤਾਂ ਹਰ ਕੋਈ ਆਪਣੀ ਲੋੜ ਆਪਣੀ ਗਰਜ਼ ਲੈ ਕੇ
ਤੇਰੇ ਦਰ 'ਤੇ ਹੀ ਢੁਕਦਾ ਸੀ
ਤੇ ਤੂੰ ਝੋਲੀਆਂ ਭਰ ਦਿੰਦਾ ਸੈਂ
ਤੂੰ ਮਨੁੱਖਤਾ ਦੇ ਦਰਦ ਨਾਲ ਲਬੋ ਲਬਰੇਜ਼ ਸੀ
ਰਸੀਲੀ ਜ਼ੁਬਾਨ, ਹਰੇਕ ਲਈ ਸਤਿਕਾਰ, ਹਲੀਮੀ, ਨਿਮਰਤਾ
ਐਅਅਨਾ ਕੁੱਝ ਭਰਿਆ ਸੀ ਰੱਬ ਨੇ ਤੇਰੇ ਅੰਦਰ
ਤੇ ਜਦੋਂ ਤੂੰ ਸਭ ਨੂੰ ਅਲਵਿਦਾ ਆਖ ਤੁਰ ਗਿਆ
ਕਿਹੜੀ ਅੱਖ ਸੀ ਜਿਹੜੀ ਨਹੀਂ ਸੀ ਛਲਕੀ ?
ਕਿਹੜੀ ਛਾਤੀ ਸੀ ਜਿਸ'ਚੋਂ ਧਾਹ ਨਹੀਂ ਸੀ ਨਿਕਲੀ ?
ਤੇਰੇ ਤੁਰ ਜਾਣ ਨਾਲ ਇੱਕ ਘਾਪਾ ਪੈ ਗਿਆ ਸੈਣੀ ਭਵਨ ਵਿੱਚ
ਇਹ ਕਦੇ ਨਹੀਂ ਭਰਨਾ
ਲੋਕਾਂ ਦੇ ਦਿਲੋ-ਦਿਮਾਗ 'ਤੇ ਉੱਕਰੀ ਤੇਰੀ ਛਾਪ
ਉਸ ਦਾ ਕੋਈ ਬਦਲ ਵੀ ਨਹੀਂ ਲੱਭਣਾ
ਤੇਰੇ ਨਾਲ ਸਭ ਦੇ ਪਿਆਰ ਦੀ ਡੋਰ ਏਨੀ ਪੀਡੀ ਹੈ
ਤੇਰੇ ਦੂਰ ਤੁਰ ਜਾਣ 'ਤੇ ਵੀ ਨਹੀਂ ਟੁੱਟਣੀ
ਕਿਉਂਕਿ ਇਹ ਖ਼ੂਨ ਦੇ ਰਿਸ਼ਤੇ ਨਾਲ ਨਹੀਂ
ਸਤਿਕਾਰ ,ਮੁਹੱਬਤ ਅਤੇ ਦਿਲਾਂ ਦੇ ਰਿਸ਼ਤੇ ਨਾਲ ਬੱਝੀ ਹੈ।

ਤਿਮਾਹੀ ਅਪ੍ਰੈਲ-ਜੂਨ 2017 ਦੌਰਾਨ

# ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ



ਗੁਰਮੁਖ ਸਿੰਘ ਲੌਂਗੀਆ
ਰੂਪਨਗਰ

## 35ਵਾਂ ਸਾਲਾਨਾ ਸੈਣੀ ਸੰਮੇਲਨ:-

ਸਮਾਜ ਸੇਵਾ ਨੂੰ ਸਮਰਪਿਤ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵੱਲੋਂ 8 ਅਪ੍ਰੈਲ, 2017 ਨੂੰ ਸੈਣੀ ਭਵਨ ਵਿਖੇ 35ਵਾਂ ਸਾਲਾਨਾ ਸੈਣੀ ਸੰਮੇਲਨ ਦਾ ਆਯੋਜਨ ਕੀਤਾ ਗਿਆ। ਬਰਾਦਰੀ ਦੇ ਇਸ ਪ੍ਰਭਾਵਸਾਲੀ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਨਵਾਂਸ਼ਹਿਰ ਹਲਕੇ ਤੋਂ ਨੌਜਵਾਨ ਵਿਧਾਇਕ ਸ਼੍ਰੀ ਅੰਗਦ ਸਿੰਘ ਸੈਣੀ ਪਧਾਰੇ। ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੀ ਅੰਗਦ ਸੈਣੀ ਨੇ ਕਿਹਾ ਕਿ ਕਿਸੇ ਸਮਾਜ ਦਾ ਸਰਵਪੱਖੀ ਵਿਕਾਸ ਉਸ ਵਿਸ਼ੇਸ਼ ਵਰਗ ਦੀ ਏਕਤਾ ਅਤੇ ਉਸਾਰੂ ਸੋਚ ਤੇ ਨਿਰਭਰ ਕਰਦਾ ਹੈ। ਇਸ ਲਈ ਬਰਾਦਰੀ ਦੀ ਉੱਨਤੀ ਲਈ ਮਿਲਕੇ ਸਮਾਜ ਸੇਵਾ ਕਰਨੀ ਚਾਹੀਦੀ ਹੈ। ਸ਼੍ਰੀ ਅੰਗਦ ਸੈਣੀ ਨੇ ਸੈਣੀ ਭਵਨ ਰੂਪਨਗਰ ਦੇ ਸਮਾਜ ਸੇਵਾ ਕੰਮਾਂ ਦੀ ਪ੍ਰਸੰਸਾ ਕਰਦਿਆਂ ਸੰਸਥਾ ਦੇ ਉਸ ਸਮੇਂ ਚੇਅਰਮੈਨ ਸਵਰਗਵਾਸੀ ਸ਼੍ਰੀ ਐਲ. ਆਰ. ਮੁੰਦਰਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਜਿਹੀ ਹੀ ਸੋਚ ਨੂੰ ਲੈਕੇ ਉਨ੍ਹਾਂ ਦੇ ਦਾਦਾ ਸ. ਦਿਲਬਾਗ ਸਿੰਘ ਨੇ ਬਰਾਦਰੀ ਦੀ ਬੇਹਤਰੀ ਲਈ ਨੇਕ ਕਾਰਜ ਕੀਤੇ ਅਤੇ ਲੋਕੀ ਉਨ੍ਹਾਂ ਨੂੰ ਅੱਜ ਵੀ ਯਾਦ ਕਰਦੇ ਹਨ। ਸ਼੍ਰੀ ਅੰਗਦ ਸੈਣੀ ਨੇ ਕਿਹਾ ਕਿ ਉਸ ਨੂੰ ਵਿਧਾਇਕ ਬਨਣ ਉਪਰੰਤ ਪਹਿਲੀ ਵਾਰ ਬਰਾਦਰੀ ਦੇ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣ ਦਾ ਜੋ ਮੌਕਾ ਮਿਲਿਆ ਹੈ ਉਹ ਇਸ ਨੂੰ ਜਿੰਦਗੀ ਭਰ ਯਾਦ ਰੱਖਣਗੇ। ਉਨ੍ਹਾਂ ਕਿਹਾ ਕਿ ਉਹ ਬਰਾਦਰੀ ਦੀ ਬੇਹਤਰੀ ਅਤੇ ਨੌਜਵਾਨ ਪੀੜ੍ਹੀ ਨੂੰ ਇਨਸਾਫ ਦਿਵਾਉਣ ਲਈ ਆਪਣੇ ਵਲੋਂ ਹਰ ਸੰਭਵ ਯਤਨ ਕਰਨਗੇ।

ਸਮਾਗਮ ਨੂੰ ਸੰਬੋਧਨ ਕਰਦਿਆਂ ਆਲ ਇੰਡਿਆ ਰਾਇਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਤਰਸੇਮ ਸੈਣੀ ਨੇ ਬਰਾਦਰੀ ਦੀ ਭਲਾਈ ਲਈ ਬਰਾਦਰੀ ਦੇ ਵੱਖ ਵੱਖ ਕੇ ਇਕ ਮੰਚ ਥੱਲੇ ਇਕਠੇ ਹੋਣ ਦੀ ਲੋੜ ਤੇ ਜ਼ੋਰ ਦਿੱਤਾ।

ਸੰਸਥਾ ਦੇ ਚੇਅਰਮੈਨ ਸਵਰਗਵਾਸੀ ਸ਼੍ਰੀ ਐਲ. ਆਰ. ਮੁੰਦਰਾ ਨੇ ਬਰਾਦਰੀ ਦੀ ਬੇਹਤਰੀ ਲਈ ਇੱਕ ਸੋਚ ਅਪਣਾਉਣ ਦੀ ਪ੍ਰੇਰਣਾ ਕੀਤੀ। ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਕੱਤਰ ਬਲਬੀਤ ਸਿੰਘ ਨੇ ਬੀਤੇ ਇੱਕ ਸਾਲ ਦੀਆਂ ਗਤੀਵਿਧਿਆਂ ਤੋਂ ਜਾਣੂ ਕਰਵਾਇਆ। ਟਰੱਸਟੀ ਰਾਮ ਸਿੰਘ ਸੈਣੀ ਨੇ ਮੁੱਖ ਮਹਿਮਾਨ ਦੀ ਸ਼ਖ਼ਸੀਅਤ ਤੋਂ ਜਾਣੂ ਕਰਵਾਇਆ। ਟਰੱਸਟੀ ਗੁਰਮੁੱਖ ਸਿੰਘ ਸੈਣੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮਾਗਮ ਨੂੰ ਰਾਜਿੰਦਰ ਸੈਣੀ, ਡਾ. ਜਸਵੰਤ ਕੌਰ, ਗੁਰਮੁੱਖ ਸਿੰਘ ਲੌਂਗੀਆ ਨੇ ਵੀ ਸੰਬੋਧਨ ਕੀਤਾ। ਸਹਿਤਕਾਰਾਂ ਬਲਬੀਰ ਸਿੰਘ ਨੰਗਲ, ਸੁਰਿੰਦਰ ਸੈਣੀਮਾਜਰਾ, ਮੋਹਣ ਸਿੰਘ ਪਪਰਾਲਾ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

**ਮੈਗਜ਼ੀਨ "ਸੈਣੀ ਸੰਸਾਰ" ਦਾ 25ਵਾਂ ਅੰਕ ਲੋਕ ਅਰਪਣ:-** ਸੰਮੇਲਨ ਦੌਰਾਨ ਸੰਸਥਾ ਵਲੋਂ ਪ੍ਰਕਾਸਤ ਕੀਤਾ ਜਾਂਦਾ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 25ਵਾਂ ਅੰਕ ਵੀ ਜਾਰੀ ਕੀਤਾ ਗਿਆ।

ਸਮਾਗਮ ਦੌਰਾਨ ਸਮਾਜ ਸੇਵਾ, ਖੇਡਾਂ, ਸਾਹਿਤ ਆਦਿ ਖੇਤਰਾਂ ਵਿੱਚ ਨਾਮਣਾ ਕਮਾਉਣ ਵਾਲੀਆਂ ਸੈਣੀ ਬਰਾਦਰੀ ਦੀਆਂ 20 ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਦੇ ਵੇਰਵੇ ਵਖਰੇ ਤੌਰ 'ਤੇ ਦਿੱਤੇ ਜਾ ਰਹੇ ਹਨ।

ਇਸ ਮੌਕੇ ਸੈਣੀ ਭਵਨ 'ਚ ਵੱਖ ਵੱਖ ਕੋਰਸ ਪੂਰੇ ਕਰਨ ਵਾਲੀਆਂ ਸਿੱਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਗਏ। ਸੰਸਥਾ ਦੀਆਂ ਸਿੱਖਿਆਰਥਣਾਂ ਨੇ ਮਨੋਰੰਜਨ ਦੇ ਪ੍ਰੋਗਰਾਮ ਵੀ ਪੇਸ਼ ਕੀਤੇ। ਸਮਾਗਮ ਵਿੱਚ ਵੱਖ ਵੱਖ ਜ਼ਿਲ੍ਹਿਆਂ ਤੋਂ ਵੀ ਬਰਾਦਰੀ ਦੇ ਪਤਵੰਤੇ ਵਿਅਕਤੀਆਂ ਨੇ ਸ਼ਿਰਕਤ ਕੀਤੀ।

ਸੰਮੇਲਨ ਦੌਰਾਨ ਟਰੱਸਟੀ ਪ੍ਰੋ: ਮਲਕੀਅਤ ਸਿੰਘ ਨੇ ਸਮਾਜ ਅਤੇ ਬਰਾਦਰੀ ਦੀ ਭਲਾਈ ਲਈ ਸੱਤ ਮਤੇ ਪੜ੍ਹੇ ਜੋ ਸਰਬਸੰਮਤੀ ਨਾਲ ਪਾਸ ਕੀਤੇ ਗਏ।

1. ਸਾਲ-2011 ਦੀ ਜਨਗਣਨਾ ਦੇ ਜਾਤ ਆਧਾਰਿਤ ਅੰਕੜੇ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮਤੇ 'ਚ ਕਿਹਾ ਗਿਆ ਕਿ ਭਾਰਤ ਵਿਚ ਕਿਸੇ ਜਾਤ ਤੇ ਕਬੀਲੇ ਦੇ ਲੋਕਾਂ ਦੇ ਪਛੜੇਪਣ ਦਾ ਪਤਾ ਉਸ ਦੀ ਆਰਥਿਕ ਮੰਦਹਾਲੀ ਤੋਂ ਲਗਦਾ ਹੈ। ਇਸ ਤੋਂ ਹੀ ਦੇਸ਼ ਵਿੱਚ ਨਾਬਰਾਬਰੀ ਦਾ ਅੰਦਾਜ਼ਾ ਲਗਦਾ ਹੈ। ਸੈਣੀ ਬਰਾਦਰੀ ਦੀ ਮੰਗ ਹੈ ਕਿ ਸਾਲ-2011 ਦੀ ਜਨਗਣਨਾ ਦੇ ਜਾਤ ਆਧਾਰਿਤ ਅੰਕੜੇ ਜਿਵੇਂ ਉਸਦੀ ਆਬਾਦੀ, ਪੜ੍ਹੇ ਲਿਖਿਆ ਦੀ ਗਿਣਤੀ, ਵਿਤੀ ਹਾਲਤ ਅਤੇ ਨੌਕਰੀਆਂ ਵਿੱਚ ਹਿੱਸੇਦਾਰੀ ਆਦਿ ਨਸ਼ਰ ਕੀਤੀ ਜਾਵੇ ਤਾਂ ਜੋ ਰਾਜ ਸਰਕਾਰਾਂ ਆਪਣੀਆਂ ਪਾਲਸੀਆਂ ਅਤੇ ਸਦੀਆਂ ਤੋਂ ਪਿਛੜੀਆਂ ਜਾਤਾਂ ਦੀ ਤਰੱਕੀ ਵੱਲ ਸੇਧਿਤ ਕਰ ਸਕਣ। ਇਸ ਨਾਲ ਸਮਾਜਿਕ ਨਿਆਂ ਸੁਨਿਸ਼ਚਿਤ ਹੋਵੇਗਾ।
2. ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਵਿਚ ਵਾਪਰੀਆਂ ਕੁਝ ਅਜਿਹੀਆਂ ਚਿੰਤਾਜਨਕ ਘਟਨਾਵਾਂ ਹਨ ਜਿਨ੍ਹਾਂ ਵਿਚੋਂ ਅਸਹਿਨਸ਼ੀਲਤਾ ਅਤੇ ਹੰਕਾਰ ਦੀ ਭਾਵਨਾ ਪ੍ਰਗਟ ਹੁੰਦੀ ਹੈ। ਦਿੱਲੀ ਦੇ ਇੱਕ ਕਾਲਜ ਵਿੱਚ ਇੱਕ ਸ਼ਹੀਦ ਪਰਿਵਾਰ ਨਾਲ ਸਬੰਧਿਤ ਵਿਦਿਆਰਥਣ ਗੁਰਮਿਹਰ ਕੌਰ ਨਾਲ ਹੋਇਆ ਦੁਰਵਿਵਹਾਰ ਇਸਦੀ ਉੱਘੜਵੀਂ ਮਿਸਾਲ ਹੈ। ਕੱਟੜਵਾਦੀ ਵਿਚਾਰਧਾਰਾ ਅਧੀਨ ਜਿਸ ਢੰਗ ਨਾਲ ਦੇਸ਼ ਪਿਆਰ ਅਤੇ ਦੇਸ਼ਧ੍ਰੋਹ ਨੂੰ ਪ੍ਰਭਾਸ਼ਿਤ ਕੀਤਾ ਜਾ ਰਿਹਾ ਹੈ, ਇਸ ਨਾਲ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰਾ ਉਤਪੰਨ ਹੋ ਰਿਹਾ ਹੈ।

ਸਮੂਹ ਸੈਣੀ ਬਰਾਦਰੀ ਇਸ ਸੰਕੀਰਨ ਤੇ ਪਿਛਾਂਹ ਖਿਚੂ ਵਰਤਾਰੇ ਦੀ ਨਿੰਦਾ ਕਰਦਿਆਂ ਭਾਰਤ ਸਰਕਾਰ ਤੋਂ ਮੰਗ ਕਰਦੀ ਹੈ ਕਿ ਇਸ ਮੰਦਭਾਗੇ ਰੁਝਾਨ ਨੂੰ ਤੁਰੰਤ ਠੱਲ੍ਹ ਪਾਈ ਜਾਵੇ।

3. ਕਿ ਕੁੱਝ ਸਾਲਾਂ ਤੋਂ ਲੋਕ-ਨੁਮਾਇੰਦਿਆਂ ਨੇ ਕਾਰਜਕਾਰਨੀ ਦੇ ਕੰਮਾਂ ਵਿੱਚ ਬੇਲੋੜੀ ਦਖ਼ਲ-ਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਨਾਲ ਇਮਾਨਦਾਰ ਅਫ਼ਸਰ ਨਿਹੱਥੇ ਤੇ ਲਾਚਾਰ ਹੋ ਰਹੇ ਹਨ ਜਦੋਂ ਕਿ ਚਾਪਲੂਸ ਤੇ ਭ੍ਰਿਸ਼ਟ ਅਧਿਕਾਰੀ ਹਾਵੀ ਹੋ ਰਹੇ ਹਨ। ਇਸ ਰੁਝਾਨ ਕਾਰਨ ਰਾਜਪ੍ਰਬੰਧ ਢਿੱਲਾ ਹੋ ਰਿਹਾ ਹੈ ਅਤੇ ਲੋਕ ਮਸਲੇ ਉਲਝ ਰਹੇ ਹਨ। ਸੈਣੀ ਬਰਾਦਰੀ ਦੀ ਪੁਰਜ਼ੋਰ ਮੰਗ ਹੈ ਕਿ ਇਸ ਵੋਟ-ਵਟੋਰੂ ਵਰਤਾਰੇ ਨੂੰ ਰੋਕਣ ਦੇ ਉਪਰਾਲੇ ਕੀਤੇ ਜਾਣ।

4. ਦੇਸ਼ ਤੇ ਰਾਜ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਤਾਂ ਜੋ ਪੰਜਾਬੀ ਸੱਭਿਆਚਾਰ ਤੇ ਸਵੈਮਾਨ ਨੂੰ ਕਾਇਮ ਰੱਖਿਆ ਜਾ ਸਕੇ। ਕਿਉਂਕਿ ਪੰਜਾਬ ਦੇ ਉੱਚ ਯੋਗਤਾ ਪ੍ਰਾਪਤ ਨੌਜਵਾਨ ਇਸ ਦੇਸ਼ ਵਿਚ ਢੁਕਵੀਂ ਰੁਜ਼ਗਾਰ ਨਾ ਮਿਲਣ ਕਾਰਨ ਵਿਦੇਸ਼ਾਂ ਵਿਚ ਜਾਣ ਲਈ ਮਜਬੂਰ ਹੋ ਰਹੇ ਹਨ। ਅਮਰੀਕਾ ਵਰਗੇ ਬਹੁਕੌਮੀ ਦੇਸ਼ ਵਿਚ ਵੀ ਸਾਡੇ ਨੌਜਵਾਨਾਂ ਨਾਲ ਬਹੁਤ ਬੁਰਾ ਵਰਤਾਵ ਹੋਣ ਲੱਗਾ ਹੈ।

5. ਪੰਜਾਬ ਵਿੱਚ ਵਿਆਹ ਬਹੁਤ ਖਰਚੀਲੇ ਹੋ ਰਹੇ ਹਨ ਜਿਸ ਨਾਲ ਆਮ ਤੇ ਗਰੀਬ ਲੋਕ ਕਰਜ਼ੇ ਹੇਠ ਦੱਬੇ ਜਾ ਰਹੇ ਹਨ। ਕਿਸਾਨਾਂ ਵਿਚ ਵੱਧ ਰਹੀਆਂ ਖੁਦਕਸ਼ੀਆਂ ਦਾ ਇੱਕ ਕਾਰਨ ਇਹ ਫਜ਼ੂਲਖਰਚੀ ਹੈ। ਵਿਆਹ ਜਿਹੀ ਪਵਿੱਤਰ ਰਸਮ ਨੇ ਸਮਾਜਿਕ ਬੁਰਾਈ ਦਾ ਰੂਪ ਧਾਰਨ ਕਰ ਲਿਆ ਹੈ। ਸਰਕਾਰ ਤੋਂ ਮੰਗ ਹੈ ਕਿ ਮੈਰਿਜ ਐਕਟ ਲਾਗੂ ਕਰਕੇ ਇਸ ਬੁਰਾਈ ਤੇ ਕਾਬੂ ਪਾਇਆ ਜਾਵੇ। ਆਪਣੇ ਭਾਈਚਾਰੇ ਨੂੰ ਵੀ ਅਪੀਲ ਹੈ ਕਿ ਵਿਆਹਾਂ ਸਮੇਂ ਸਾਦਗੀ ਰੱਖ ਕੇ ਇਸ ਮਾੜੇ ਰੁਝਾਨ 'ਤੇ ਕਾਬੂ ਪਾਇਆ ਜਾਵੇ।

6. ਸੈਣੀ ਬਰਾਦਰੀ ਦੀ ਰਾਜਨੀਤਿਕ ਭਾਗੀਦਾਰੀ ਵਧਾਉਣ ਦੀ ਵੀ ਮੰਗ ਕੀਤੀ ਗਈ ਤਾਂ ਜੋ ਸੈਣੀ ਬਰਾਦਰੀ ਦੇ ਰਾਜਨਤਿਕ ਆਗੂਆਂ ਨੂੰ ਵਿਧਾਨ ਸਭਾ ਤੇ ਪਾਰਲੀਮੈਂਟ ਵਿੱਚ ਜਾਣ ਦਾ ਮੌਕਾ ਮਿਲੇ ਜਿੱਥੇ ਉਹ ਆਪਣੀ ਬਰਾਦਰੀ ਦੀਆਂ ਹੱਕੀ ਮੰਗਾਂ ਲਈ ਆਵਾਜ਼ ਉਠਾ ਸਕਣ। ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਸੈਣੀ ਭਲਾਈ ਬੋਰਡ ਨੂੰ ਵਿਧੀਵਤ ਢੰਗ ਨਾਲ ਸੰਗਠਿਨ ਕੀਤਾ ਜਾਵੇ ਤਾਂ ਜ਼ੋ ਇਹ ਬਰਾਦਰੀ ਲਈ ਲਾਹੇਵੰਦ ਤੇ ਉਪਯੋਗੀ ਸਿੱਧ ਹੋ ਸਕੇ।

7. ਪੰਜਾਬ ਦੇ ਨੌਜਵਾਨ ਬੇਰੋਜ਼ਗਾਰੀ ਕਾਰਨ ਨਸ਼ਿਆਂ ਦੀ ਬੇਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ। ਇਸ ਨਾਲ ਜਿੱਥੇ ਸੁਰੱਖਿਆ ਬਲਾਂ ਵਿੱਚ ਪੰਜਾਬ ਦੀ ਹਿੱਸੇਦਾਰੀ ਘਟਦੀ ਜਾ ਰਹੀ ਹੈ ਉੱਥੇ ਸਮਾਜਿਕ ਕਦਰਾਂ ਕੀਮਤਾਂ ਵਿਚ ਵੀ ਨਿਘਾਰ ਆ ਰਿਹਾ ਹੈ। ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਇਸ ਸਮਾਜਿਕ ਬੁਰਾਈ ਨੂੰ ਠੱਲ੍ਹ ਪਾਉਣ ਲਈ ਨਸ਼ਾ ਸਮੱਗਲਰਾਂ 'ਤੇ ਸ਼ਿਕੰਜਾ ਕੱਸਿਆ ਜਾਵੇ। ਲੋਕਾਂ ਨੂੰ ਵੀ ਅਪੀਲ ਹੈ ਕਿ ਉਹ ਆਪਣੇ ਨੌਜਵਾਨ ਬੱਚਿਆਂ ਤੇ ਨਿਰੰਤਰ ਨਿਗਰਾਨੀ ਰੱਖਣ।

## ਧਾਰਮਿਕ ਗਿਆਨ ਬਾਰੇ ਲਿਖਤੀ ਮੁਕਾਬਲੇ:-

ਨੌਜਵਾਨਾਂ ਨੂੰ ਉਸਾਰੂ ਸੋਚ ਦੇ ਧਾਰਨੀ ਬਣਾਉਣ ਲਈ 24 ਮਈ 2017 ਨੂੰ ਸ਼੍ਰੀ ਗੁਰੂ ਅਮਰ ਦਾਸ ਸੇਵਾ ਸੁਸਾਇਟੀ ਰੂਪਨਗਰ ਵਲੋਂ ਸਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਦੇ ਸਹਿਯੋਗ ਨਾਲ ਸੈਣੀ ਭਵਨ ਵਿਖੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਗਿਆਨ ਬਾਰੇ ਲਿਖਤੀ ਮੁਕਾਬਲੇ ਕਰਵਾਏ ਗਏ। ਦਸ ਗੁਰੂਆਂ ਦੀਆਂ ਜੀਵਨੀਆਂ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਉਨ੍ਹਾਂ ਦੀ ਬਾਣੀ ਤੇ ਅਧਾਰਿਤ ਵਿਸ਼ੇ ਤੇ ਕਰਵਾਏ ਗਏ ਇਸ ਮੁਕਾਬਲੇ ਵਿੱਚ ਸੈਣੀ ਭਵਨ ਦੇ ਸਕੂਲਾਂ ਵਿੱਚ ਸਿਲਾਈ ਕਢਾਈ, ਫੈਸ਼ਨ ਡਿਜ਼ਾਨਿੰਗ, ਬਿਊਟੀਸ਼ਨ ਅਤੇ ਕੰਪਿਊਟਰ ਦਾ ਕੋਰਸ ਕਰ ਰਹੀਆਂ 40 ਸਿੱਖਿਆਰਥੀਆਂ ਨੇ ਭਾਗ ਲਿਆ।

ਇਸ ਲਿਖਤੀ ਧਾਰਮਿਕ ਮੁਕਾਬਲੇ ਦੇ ਜੇਤੂਆਂ ਨੂੰ ਸਨਮਾਨਿਤ ਕਰਨ ਲਈ 25 ਮਈ 2017 ਨੂੰ ਸੈਣੀ ਭਵਨ ਵਿਖੇ ਹੀ ਇੱਕ ਸਮਾਗਮ ਕੀਤਾ ਗਿਆ। ਇਸ ਮੌਕੇ ਗਿਆਨੀ ਅਮਰਿੰਦਰ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਇਤਿਹਾਸਕ ਕਾਰਨਾਂ 'ਤੇ ਚਾਨਣਾ ਪਾਇਆ। ਸੈਣੀ ਭਵਨ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਇਸ ਸਮਾਗਮ ਵਿੱਚ ਸ਼ਾਮਿਲ ਹੋਏ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਆਖਦਿਆਂ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਿਖਿਆਂਰਥੀਆਂ ਦੀ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟ ਕੀਤੀ। ਇਸ ਮੁਕਾਬਲੇ ਵਿੱਚ ਪਹਿਲੀਆਂ ਦਸ ਪੋਜ਼ੀਸ਼ਨਾਂ 'ਤੇ ਆਈਆਂ ਸਿਖਿਆਰਥਣਾ ਕ੍ਰਮਵਾਰ- ਜਸਲੀਨ ਕੌਰ ਪੁੱਤਰੀ ਸ. ਜਸਵੰਤ ਸਿੰਘ, ਸਰਬਜੀਤ ਕੌਰ ਪੁੱਤਰੀ ਸ. ਰਣਜੀਤ ਸਿੰਘ, ਅਮਨਜੋਤ ਕੌਰ ਪੁੱਤਰੀ ਸ. ਨਿਰਮਲ ਸਿੰਘ, ਹਰਪ੍ਰੀਤ ਕੌਰ ਪੁੱਤਰੀ ਸ.ਗੁਰਮੇਲ ਸਿੰਘ, ਨਵਜੋਤ ਕੌਰ ਪੁੱਤਰੀ ਸ. ਅਵਤਾਰ ਸਿੰਘ, ਰਾਜਿੰਦਰ ਕੌਰ ਪੁੱਤਰੀ ਸ. ਸੁੱਚਾ ਸਿੰਘ, ਸੀਮਾ ਪੁੱਤਰੀ ਸ਼੍ਰੀ ਸੁਭਾਸ਼ ਚੰਦਰ, ਜਸਵਿੰਦਰ ਕੌਰ ਪੁੱਤਰੀ ਸ.ਅਵਤਾਰ ਸਿੰਘ, ਮਨਪ੍ਰੀਤ ਕੌਰ ਪੁੱਤਰੀ ਸ. ਸਪਿੰਦਰ ਸਿੰਘ ਅਤੇ ਰਾਜਵਿੰਦਰ ਕੌਰ ਪੁਤਰੀ ਸ. ਕੁਲਵੰਤ ਸਿੰਘ ਨੂੰ ਨਗਦ ਇਨਾਮਾਂ ਅਤੇ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ। ਸਾਰੇ ਭਾਗ ਲੈਣ ਵਾਲੇ ਸਿਖਿਆਂਰਥੀਆਂ ਨੂੰ ਸਰਟੀਫੀਕੇਟ ਵੀ ਪ੍ਰਦਾਨ ਕੀਤੇ ਗਏ। ਇਸ ਮੌਕੇ ਸੈਣੀ ਭਵਨ ਦੇ ਸਿਖਲਾਈ ਕੇਂਦਰਾਂ ਦੀਆਂ ਸਿਖਿਆਰਥਣਾ ਨੇ ਧਾਰਮਿਕ ਕਵਿਤਾਵਾਂ, ਵਾਰਾਂ ਅਤੇ ਸ਼ਬਦ ਗਾਇਨ ਕੀਤੇ। ਇਸ ਸਮਾਗਮ ਨੂੰ ਸ. ਗੁਰਮੁਖ ਸਿੰਘ ਸੈਣੀ ਐਮ.ਸੀ. ਤੇ ਡਾ.ਜਸਵੰਤ ਕੌਰ ਸੈਣੀ ਨੇ ਵੀ ਸੰਬੋਧਿਤ ਕੀਤਾ। ਗੁਰੂ ਅਮਰ ਦਾਸ ਸੇਵਾ ਸੁਸਾਇਟੀ ਦੇ ਚੇਅਰਮੈਨ ਸ. ਉਜਾਗਰ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਸੈਣੀ ਭਵਨ ਦੇ ਇਸ ਨਵੇਂ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮੇਂ ਸ਼੍ਰੀ ਗੁਰੂ ਅਮਰ ਦਾਸ ਸੇਵਾ ਸੁਸਾਇਟੀ ਦੇ ਮੈਂਬਰਾਂ ਅਵਾਤਰ ਸਿੰਘ

ਮਾਂਗਟ, ਕਾਹਨ ਸਿੰਘ, ਗੁਰਦਿਆਲ ਸਿੰਘ ਸੈਣੀ, ਪ੍ਰਿਤਪਾਲ ਸਿੰਘ, ਸੁਰਿੰਦਰ ਸਿੰਘ ਸੈਣੀ, ਜਰਨੈਲ ਸਿੰਘ ਤੋਂ ਇਲਾਵਾ ਸੈਣੀ ਭਵਨ ਦੇ ਸ. ਅਮਰਜੀਤ ਸਿੰਘ, ਕੈਪਟਨ ਹਾਕਮ ਸਿੰਘ, ਪ੍ਰਿਤਪਾਲ ਸਿੰਘ, ਹਰਜੀਤ ਸਿੰਘ, ਰਵਿੰਦਰ ਸਿੰਘ ਮੁੰਦਰਾ, ਅਜੀਤ ਸਿੰਘ, ਪ੍ਰੋ. ਮਲਕੀਅਤ ਸਿੰਘ, ਹਰਦੀਪ ਸਿੰਘ, ਰਾਜਿੰਦਰ ਸਿੰਘ, ਅਜਮੇਰ ਸਿੰਘ ਅਤੇ ਗੁਰਚਰਨ ਸਿੰਘ ਹਾਜ਼ਰ ਸਨ। ਸਾਰਾ ਪ੍ਰੋਗਰਾਮ ਸ. ਸੁਰਿੰਦਰ ਸਿੰਘ ਨੇ ਪੂਰੀ ਸਫਲਤਾ ਨਾਲ ਨੇਪਰੇ ਚਾੜ੍ਹਿਆ।

## ਹੁਨਰ ਵਿੱਚ ਵਾਧਾ ਕਰਨ ਲਈ ਫੈਬਰਿਕ ਪੇਂਟਿੰਗ ਕੈਂਪ:-

ਸਮਾਜ ਸੇਵੀ ਸੰਸਥਾ ਸੈਣੀ ਭਵਨ ਵਿਖੇ ਚਲਾਏ ਜਾ ਰਹੇ ਸਿਲਾਈ ਕਢਾਈ ਸਕੂਲ ਦੀਆਂ ਸਿੱਖਿਆਰਥਣਾਂ ਦੇ ਹੁਨਰ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ 6, 7, 8, 9 ਅਤੇ 13 ਜੂਨ 2017 ਨੂੰ ਪੰਜ ਦਿਨਾਂ ਦਾ ਇੱਕ ਵਿਸ਼ੇਸ਼ ਸਿੱਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 52 ਸਿੱਖਿਆਰਥਣਾ ਨੇ ਭਾਗ ਲਿਆ। ਕੈਂਪ ਦੌਰਾਨ ਫੈਵੀਕਰਾਈ ਪੀਡੀਲਾਈਟ ਕੰਪਨੀ ਰਾਮ ਦਰਬਾਰ ਚੰਡੀਗੜ੍ਹ ਤੋਂ ਮਾਹਿਰ ਅਧਿਆਪਕਾ ਸ਼ਸੀ ਗੁਲੇਰੀਆ ਨੇ ਫੈਬਰਿਕ ਪੈਂਟਿੰਗ ਤਹਿਤ ਟੀ-ਸਰਟ ਪੀਲੋ ਕਬਰ, ਦੁਪਟਾ ਤੇ ਜੀਨ ਤੇ ਟਾਈ ਐਂਡ ਡਾਈ, 3 ਡੀ ਪ੍ਰਿੰਟਿੰਗ ਤਹਿਤ ਡਾਟ ਲਾਈਨਿੰਗ ਕਢਾਈ, ਸਟੇਂਸਲ, ਪੈਚ ਵਰਕ ਅਤੇ ਓਐਚਪੀ ਸੀਟ ਤੇ ਗਲਾਸ ਪ੍ਰਿੰਟਿੰਗ, ਪੋਟ ਆਦਿ ਦੀ ਟ੍ਰੈਨਿੰਗ ਦਿੱਤੀ। ਸਿੱਖਲਾਈ ਮੁਕੰਮਲ ਕਰਨ ਤੇ ਸਿੱਖਿਆਰਥਣਾਂ ਨੂੰ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਸਰਟੀਫਿਕੇਟਾਂ ਦੀ ਵੰਡ ਕੀਤੀ ਅਤੇ ਕਿਹਾ ਕਿ ਸੰਸਥਾ ਦਾ ਹਮੇਸਾ ਇਹ ਯਤਨ ਰਿਹਾ ਹੈ ਸਿੱਖਿਆਰਥੀਆਂ ਨੂੰ ਨਵੀਂ ਤਕਨਾਲੋਜੀ ਬਾਰੇ ਪੂਰੀ ਤਰਾਂ ਨਾਲ ਜਾਗਰੂਕ ਕੀਤਾ ਜਾਵੇ। ਉਨ੍ਹਾਂ ਸਿੱਖਿਆਰਥਣਾਂ ਦੇ ਉਜੱਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਸਿੱਖਲਾਈ ਸੰਸਥਾਵਾਂ ਦੇ ਪ੍ਰਿੰਸੀਪਲ ਅਮਰਜੀਤ ਸਿੰਘ, ਸਿਲਾਈ ਟੀਚਰ, ਕਿਰਨ ਜੋਸ਼ੀ, ਉਰਮਲਾ, ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ, ਹਰਦੀਪ ਸਿੰਘ ਆਦਿ ਵੀ ਹਾਜ਼ਰ ਸਨ।



ਮੁੰਦਰਾ ਸਾਹਿਬ ਦੀ ਅੰਤਿਮ ਅਰਦਾਸ ਸਮੇਂ ਜੁੜੀ ਸੰਗਤ

ਕਹਾਣੀ

## ਨੌਂ ਜਾਂ ਦਸ

ਇਕ ਵਾਰ ਇੱਕ ਖੁਸ਼ਕ ਮਾਰੂਥਲ ਵਿੱਚ ਇੱਕ ਮਨੁੱਖ ਦਸ ਊਠਾਂ ਨੂੰ ਇੱਕ ਪਾਣੀ ਦੇ ਤਲਾਅ ਵੱਲ ਲਿਜਾ ਰਿਹਾ ਸੀ। ਕੁਝ ਮੀਲ ਟੁਰਨ ਪਿਛੋਂ ਉਹ ਇੱਕ ਉਠ ਉੱਤੇ ਚੜ੍ਹ ਗਿਆ ਅਤੇ ਫੇਰ ਉਸ ਨੇ ਦੂਜਿਆਂ ਨੂੰ ਗਿਣਿਆ। ਉਸ ਨੇ ਕੇਵਲ ਨੌਂ ਊਠ ਹੀ ਗਿਣੇ। ਉਹ ਉਸੇ ਵੇਲੇ ਊਠ ਤੋਂ ਉਤਰਿਆ ਅਤੇ ਗੁਆਚੇ ਹੋਏ ਊਠ ਨੂੰ ਲੱਭਣ ਲਈ ਪਿਛਾਂਹ ਨੂੰ ਮੁੜਿਆ। ਜਦੋਂ ਕਿਧਰੇ ਵੀ ਉਸ ਨੂੰ ਉਠ ਨਾ ਮਿਲਿਆ, ਉਹਨੇ ਸੋਚਿਆ ਕਿ ਉਸ ਦਾ ਇੱਕ ਊਠ ਗੁਆਚ ਗਿਆ ਸੀ। ਉਸ ਨੇ ਭਾਲ ਕਰਨੀ ਛੱਡ ਦਿੱਤੀ ਅਤੇ ਜਲਦੀ ਨਾਲ ਦੁੱਖ ਤੇ ਅਫ਼ਸੋਸ ਵਿੱਚ ਆਪਣੇ ਊਠਾਂ ਕੋਲ ਪੁੱਜਾ। ਜਦੋਂ ਉਸ ਨੇ ਦਸ ਦੇ ਦਸ ਊਠ ਤੱਕੇ, ਉਹ ਬੇਹੱਦ ਖੁਸ਼ ਹੋਇਆ। ਇਸ ਖੁਸ਼ੀ ਵਿੱਚ ਹੀ ਉਹ ਫਿਰ ਊਠ 'ਤੇ ਚੜ੍ਹ ਗਿਆ। ਥੋੜ੍ਹੇ ਸਮੇਂ ਪਿਛੋਂ ਉਸ ਨੇ ਇੱਕ ਵਾਰ ਫੇਰ ਊਠ ਗਿਣਨ ਲਈ ਸੋਚਿਆ। ਕਮਾਲ ਹੈ! ਇਹ ਫਿਰ ਨੌਂ ਸਨ। ਉਹ ਉੱਤਰ ਗਿਆ। ਹੈਰਾਨ ਤੇ ਉਦਾਸ ਹੋ ਕੇ ਉਸਨੇ ਫੇਰ ਭਾਲ ਕਰਨੀ ਸ਼ੁਰੂ ਕਰ ਦਿੱਤੀ। ਗੁਆਚਾ ਹੋਇਆ ਊਠ ਉਸ ਨੂੰ ਕਿਧਰੋਂ ਵੀ ਨਾ ਲੱਭਾ। ਉਹ ਬਾਕੀ ਊਠਾਂ ਵਲ ਭੱਜਿਆ ਅਤੇ ਇਹਨਾਂ ਨੂੰ ਗਿਣਨ ਪਿਛੋਂ ਉਹ ਇਹ ਵੇਖ ਕੇ ਬੜਾ ਹੈਰਾਨ ਹੋਇਆ ਕਿ ਸਾਰੇ ਦੇ ਸਾਰੇ ਦਸ ਊਠ ਧੀਮੀ ਚਾਲ ਨਾਲ ਟੁਰਦੇ ਜਾ ਰਹੇ ਸਨ। ਉਸ ਨੇ ਮਾਰੂਥਲ ਦੀ ਗਰਮੀ ਉੱਤੇ ਦੋਸ਼ ਥੱਪਿਆ ਅਤੇ ਅਖਰੀਲੇ ਊਠ ਉੱਤੇ ਚੜ੍ਹ ਬੈਠਾ। ਤੀਜੀ ਵਾਰ ਫੇਰ ਉਸ ਨੇ ਬਾਕੀ ਊਠਾਂ ਨੂੰ ਗਿਣਿਆ। ਉਸ ਨੂੰ ਇਹ ਸਮਝ ਨਾ ਆਈ ਕਿ ਹੁਣ ਵੀ ਕਿਉਂ ਇੱਕ ਊਠ ਘੱਟ ਸੀ। ਉਸ ਸ਼ੈਤਾਨ ਨੂੰ ਬੁਰਾ ਭਲਾ ਆਖਿਆ। ਉਹ ਊਠ ਤੋਂ ਹੇਠਾਂ ਉਤਰਿਆ ਤੇ ਇੱਕ ਵਾਰ ਫੇਰ ਗਿਣਤੀ ਕੀਤੀ। ਵਾਹ! ਦਸ ਦੇ ਦਸ ਊਠ ਪੂਰੇ ਸਨ।

"ਓਇ ਧੋਖੇਬਾਜ਼ ਸ਼ੈਤਾਨ, ਇਉਂ ਹੈ ਤਾਂ ਇਉਂ ਹੀ ਸਹੀ। ਮੈਂ ਟੁਰਾਂਗਾ ਤੇ ਆਪਣੇ ਪੂਰੇ ਦੇ ਪੂਰੇ ਊਠ ਆਪਣੇ ਕੋਲ ਰਖਾਂਗਾ। ਮੈਨੂੰ ਊਠ ਤੇ ਚੜ੍ਹ ਕੇ ਆਪਣਾ ਇਕ ਊਠ ਗੁਆਉਣਾ ਕਿਵੇਂ ਵੀ ਮਨਜ਼ੂਰ ਨਹੀਂ, "ਉਸ ਨੇ ਸ਼ਿਕਵਾ ਕਰਦਿਆਂ ਕਿਹਾ।

## ਮਸਖਰੀਆਂ

ਵਿਆਹ ਤੋਂ ਪਹਿਲਾਂ ਲੜਕਾ ਬੋਲਦਾ ਹੈ,
ਲੜਕੀ ਸੁਣਦੀ ਹੈ ।
ਵਿਆਹ ਤੋਂ ਬਾਅਦ ਪਤਨੀ ਬੋਲਦੀ ਹੈ,
ਪਤੀ ਸੁਣਦਾ ਹੈ ।
ਬੱਚੇ ਹੋਣ 'ਤੇ ਪਤੀ ਤੇ ਪਤਨੀ ਦੋਵੇਂ ਬੋਲਦੇ ਹਨ,
ਲੋਕ ਸੁਣਦੇ ਹਨ ।
ਬੁੱਢੇ ਹੋਣ 'ਤੇ ਦੋਵੇਂ ਚੁੱਪ ਕਰ ਜਾਂਦੇ ਹਨ ।

# 35ਵੇਂ ਸਾਲਾਨਾ ਸੈਣੀ ਸੰਮੇਲਨ ਸਮੇਂ ਸਨਮਾਨਿਤ ਸਖਸ਼ੀਅਤਾਂ

ਪ੍ਰਿਤਪਾਲ ਸਿੰਘ



ਹਰ ਸਾਲ, ਸਾਲਾਨਾ ਸੈਣੀ ਸੰਮੇਲਨ ਸਮੇਂ ਬਰਾਦਰੀ ਦੀਆਂ ਸਫ਼ਲ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ । ਇਸ ਸਾਲ 8 ਅਪ੍ਰੈਲ 2017 ਨੂੰ ਹੋਏ ਸਾਲਾਨਾ ਸੈਣੀ ਸੰਮੇਲਨ ਸਮੇਂ ਹੇਠ ਲਿਖੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

**ਪੱਤਰਕਾਰ ਸੁਖਵਿੰਦਰ ਸਿੰਘ ਮਨੌਲੀ :** ਚੰਡੀਗੜ੍ਹ ਦੇ ਨਜ਼ਦੀਕ ਕਸਬਾ-ਨੁਮਾ ਪਿੰਡ ਮਨੌਲੀ ਦੇ ਜੰਮਪਲ ਅਤੇ ਪ੍ਰਸਿੱਧ ਪੱਤਰਕਾਰ ਸ. ਸਖਵਿੰਦਰ ਸਿੰਘ ਮਨੌਲੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗ੍ਰੈਜੁਏਸ਼ਨ ਕਰਨ ਉਪਰੰਤ ਟ੍ਰਿਬਿਊਨ ਗਰੁੱਪ ਆਫ਼ ਨਿਊਜ਼ਪੇਪਰਜ਼ ਵਿੱਚ ਕੰਮ ਕਰ ਰਹੇ ਹਨ। ਆਪ ਨੇ ਹੁਣ ਤੱਕ 300 ਤੋਂ ਵੱਧ ਖੇਡਾਂ, ਖੇਤੀਬਾੜੀ ਅਤੇ ਸਮਾਜਿਕ ਵਿਸ਼ਿਆਂ ਦੇ ਆਰਟੀਕਲ ਲਿਖੇ ਹਨ ਆਪ ਦੀਆਂ ਪੁਸਤਕਾਂ "ਵਿਸ਼ਵ ਹਾਕੀ ਦੇ ਖਿਡਾਰੀ" ਅਤੇ "ਫੀਫਾ ਦੇ ਸਿਤਾਰੇ" ਖੇਡ ਜਗਤ ਨੂੰ ਬਹੁਮੁੱਲੀ ਦੇਣ ਹੈ ਅਤੇ ਹੁਣ ਇਕ ਹੋਰ ਪੁਸਤਕ "ਖਿਡਾਰੀਆਂ ਦਾ ਗੁਲਸਤਾਨ" ਵੀ ਤਿਆਰ ਹੋ ਗਈ ਹੈ।

**ਐਡਵੋਕੇਟ ਬਲਦੇਵ ਸਿੰਘ :** ਇਕ ਸਾਧਾਰਨ ਕਿਸਾਨ ਦੇ ਘਰ ਹਵੇਲੀ ਕਲਾਂ ਵਿਖੇ ਜਨਮੇ ਸ. ਬਲਦੇਵ ਸਿੰਘ ਨੇ ਬੀ.ਐਸ.ਸੀ. ਸਰਕਾਰੀ ਕਾਲਜ ਰੂਪਨਗਰ ਅਤੇ ਪੈਟਰੋਲੀਅਮ ਟੈਕਨਾਲੋਜੀ ਵਿੱਚ ਬੀ.ਐਸ.ਸੀ. (ਆਨਰਜ਼) ਭਾਰਤ ਦੀ ਪ੍ਰਸਿੱਧ ਸੰਸਥਾ ਇੰਡੀਅਨ ਸਕੂਲ ਆਫ ਮਾਈਨਿਜ਼ ਧੰਨਬਾਦ ਤੋਂ ਕੀਤੀ। ਆਪ ਨੇ ਓ.ਐਨ.ਜੀ.ਸੀ. ਵਿੱਚ ਨੌਕਰੀ ਕਰਦਿਆਂ,"ਬੰਬਈ ਹਾਈ ਆਇਲ ਫੀਲਡ" ਨੂੰ ਆਰੰਭ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਆਪ ਨੈਸ਼ਨਲ ਇੰਸਟਰੂਮੈਂਟਸ ਲਿਮਟਿਡ ਕਲਕੱਤਾ ਤੋ ਚੇਅਰਮੈਨ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ। ਇਸ ਸਮੇਂ ਆਪ ਬੰਬਈ ਵਿਖੇ ਵਕਾਲਤ ਕਰ ਰਹੇ ਹਨ ਅਤੇ ਕਈ ਸਮਾਜਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਆਪ ਨੈ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਲਈ ਸੈਣੀ ਭਵਨ ਪਾਸ 1287111 ਰੁਪਏ ਜਮ੍ਹਾਂ ਕਰਵਾਈ ਹੋਏ ਹਨ ਇਸ ਤੇ ਹੋਰ ਵਿਕਾਸ ਕਾਰਜਾਂ ਲਈ 50000 ਰੁਪਏ ਦਿੱਤੇ ਹੋਏ ਹਨ। ਇਹ ਸੈਣੀ ਭਵਨ ਦੀ ਮਦਦ ਕਰਨ ਲਈ ਹਰ ਸਮੇਂ ਤਤਪਰ ਰਹਿੰਦੇ ਹਨ।

**ਸ. ਸੁਰਮਖ ਸਿੰਘ ਤੰਬੜ :** ਰੂਪਨਗਰ ਸ਼ਹਿਰ ਦੇ ਐਮ.ਸੀ. ਸ.ਗੁਰਮੁਖ ਸਿੰਘ ਤੰਬੜ ਦੇ ਛੋਟੇ ਭਰਾ ਇਕ ਸਫ਼ਲ ਕਿਸਾਨ ਤੇ ਕਾਰੋਬਾਰੀ ਹਨ। ਇਹ ਇਲਾਕੇ ਦੇ ਹਰ ਸਮਾਜਸੇਵੀ ਅਤੇ ਧਾਰਮਿਕ ਕੰਮ ਵਿਚ ਭਾਗ ਲੈਂਦੇ ਹਨ। ਆਪ ਦਾ ਪਰਿਵਾਰ ਸਟੋਨ ਕਰੱਸ਼ਰ ਅਤੇ ਟਿੱਪਰਾਂ ਦਾ ਮਾਲਿਕ ਹੈ। ਆਪ ਮੈਗਜ਼ੀਨ ਸੈਣੀ ਸੰਸਾਰ ਵਿੱਚ ਆਪਣੇ ਕਾਰੋਬਾਰ ਦੇ ਇਸ਼ਤਿਹਾਰ ਦੇ ਕੇ ਇਸ ਸੰਸਕਾ ਦੀ ਕਈ ਸਾਲਾਂ ਤੋਂ ਵਿੱਤੀ ਮਦਦ ਕਰਦੇ ਆ ਰਹੇ ਹਨ। ਆਪ ਦਾ ਪਰਿਵਾਰ ਇਲਾਕੇ 'ਚ ਸਮਾਜਸੇਵੀ ਕੰਮਾਂ ਕਰਕੇ ਪ੍ਰਸਿੱਧ ਹੈ।

**ਠੇਕੇਦਾਰ ਗੁਰਮੀਤ ਸਿੰਘ :** ਚਮਕੌਰ ਸਾਹਿਬ ਪਾਸ ਪਿੰਡ ਜਟਾਣਾ ਦੇ ਜੰਮਪਲ ਸ.ਗੁਰਮੀਤ ਸਿੰਘ ਭਾਰਤ ਦੇ ਪ੍ਰਸਿੱਧ ਸਿਵਲ ਠੇਕੇਦਾਰਾਂ ਵਿੱਚੋਂ ਇੱਕ ਹਨ। ਆਪ ਅਤਿ ਦੇ ਨਿਮਰ, ਸਾਦੇ ਅਤੇ ਮਿਲਣਸਾਰ ਵਿਅਕਤੀ ਹਨ। ਇਲਾਕੇ ਦਾ ਕੋਈ ਵਿਕਾਸ ਕਾਰਜ ਅਜਿਹਾ ਨਹੀਂ ਜਿਸ ਵਿੱਚ ਆਪ ਨੇ ਵਿੱਤੀ ਯੋਗਦਾਨ ਨਹੀਂ ਪਾਇਆ ਆਪ ਨੇ ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ ਵੀ ਇੱਕ ਲੱਖ ਰੁਪਏ ਦਾਨ ਦਿੱਤੇ ਹਨ।

**ਖਿਡਾਰੀ ਰੁਪਿੰਦਰ ਸਿੰਘ :** ਬੈਡਮਿੰਟਨ ਖਿਡਾਰੀ ਸ.ਰੁਪਿੰਦਰ ਸਿੰਘ ਪੁੱਤਰ ਸ.ਰਣਜੀਤ ਸਿੰਘ ਨੇ ਸਾਲ 2016 ਵਿੱਚ ਰੂਸ ਵਿਖੇ ਵਰਲਡ ਯੂਨੀਵਰਸਿਟੀਜ਼ ਬੈਡਮਿੰਟਨ ਚੈਂਪੀਅਨਸ਼ਿਪ ਵਿਚ ਭਾਰਤੀ ਟੀਮ ਦੀ ਅਗਵਾਈ ਕਰਕੇ ਸੈਣੀ ਬਰਾਦਰੀ ਦਾ ਸਿਰ ਉੱਚਾ ਕੀਤਾ ਹੈ। ਇਸ ਪ੍ਰਾਪਤੀ ਸਦਕਾ ਭਾਰਤ ਸਰਕਾਰ ਦੇ ਇਨਕਮ ਟੈਕਸ ਵਿਭਾਗ ਵਿਚ ਉਹ ਹੁਣ ਇੰਸਪੈਕਟਰ ਚੁਣੇ ਗਏ ਹਨ। ਸਾਨੂੰ ਇਸ ਨੌਜਵਾਨ ਖਿਡਾਰੀ 'ਤੇ ਮਾਣ ਹੈ। ਰੁਪਿੰਦਰ ਸਿੰਘ ਨੇ ਨੈਸ਼ਨਲ ਪੱਧਰ ਦੇ 4 ਸੋਨੇ, 2 ਚਾਂਦੀ ਅਤੇ 2 ਕਾਂਸੀ ਤਗਮੇ ਹਾਸਲ ਕੀਤੇ ਹਨ। ਉਸਨੇ ਅੰਤਰਰਾਸ਼ਟਰੀ ਪੱਧਰ ਤੇ ਵੀ 2 ਸੋਨੇ ਅਤੇ ਇਕ ਚਾਂਦੀ ਦੇ ਤਗਮੇ ਪ੍ਰਾਪਤ ਕੀਤੇ ਹਨ।

**ਲੇਖਿਕਾ ਸੁਰਿੰਦਰ ਕੌਰ ਸੈਣੀ :** ਪੰਜਾਬ ਦੇ ਸਿੱਖਿਆ ਵਿਭਾਗ 'ਚ ਪੰਜਾਬੀ ਅਧਿਆਪਕਾਂ ਵਜੋਂ ਸੇਵਾ ਮੁਕਤ ਹੋਏ ਸੁਰਿੰਦਰ ਕੌਰ ਸੈਣੀ ਨੇ ਹੁਣ ਤੱਕ ਕਵਿਤਾਵਾਂ ਦੀਆਂ ਤਿੰਨ ਪੁਸਤਕਾਂ ਲਿਖੀਆਂ ਹਨ। ਉਹ ਇਕ ਸੰਵਦਨਸ਼ੀਲ ਤੇ ਪਰਪੱਕ ਲੇਖਕਾ ਹੈ। ਉਹ ਸਮਾਜਸੇਵੀ ਕਾਰਜਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

**ਸਮਾਜਸੇਵੀ ਸ਼੍ਰੀਮਤੀ ਕਰਮਜੀਤ ਕੌਰ :** ਸਮਾਜ ਸੇਵਾ ਨੂੰ ਸਮਰਪਿਤ ਸ਼੍ਰੀਮਤੀ ਕਰਮਜੀਤ ਕੌਰ ਪਤਨੀ ਐਡਵੋਕੇਟ ਹਜ਼ੂਰਾ ਸਿੰਘ ਰੂਪਨਗਰ ਜ਼ਿਲ੍ਹੇ ਦੀਆਂ ਕਈ ਸਮਾਜ ਸੇਵੀ ਸੰਸਥਾਵਾਂ ਦੇ ਅਹੁਦੇਦਾਰ ਹਨ। ਘਨੌਲੀ ਦੇ ਪ੍ਰਸਿੱਧ ਆਜ਼ਾਦੀ ਸੰਗਰਾਮੀ ਕਵੀਸ਼ਰ ਹਰਨਾਮ ਸਿੰਘ ਆਪ ਦੇ ਸਹੁਰਾ ਸਨ ਅਤੇ ਇਨ੍ਹਾਂ ਦਾ ਬੇਟਾ ਸ.ਬਹਾਦਰਜੀਤ ਸਿੰਘ ਰੂਪਨਗਰ ਪ੍ਰੈੱਸ ਕਲੱਬ ਦਾ ਪ੍ਰਧਾਨ ਹੈ। ਸ਼੍ਰੀਮਤੀ ਕਰਮਜੀਤ ਕੌਰ ਬਹੁਤ ਲੰਬੇ ਸਮੇਂ ਤੋਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਲਾਈਫ਼ ਮੈਂਬਰ ਹਨ। ਰੈਡ ਕਰਾਸ ਹਸਪਾਤਾਲ ਭਲਾਈ ਦੇ ਆਨਰੇਰੀ ਸਕੱਤਰ ਤੇ ਭਾਰਤ ਸੇਵਕ ਅਥਾਰਟੀ, ਲੋਕ ਅਦਾਲਤ ਤੇ ਨਹਿਰੂ ਯੁਵਕ ਕੇਂਦਰ ਵਿੱਚ ਸੇਵਾ ਨਿਭਾਈ ਹੈ। ਆਪਣੀ 80 ਸਾਲ ਦੀ ਉਮਰ ਦੇ ਬਾਵਜੂਦ ਆਪ ਰੈਡ ਕਰਾਸ ਸੁਸਾਇਟੀ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਜਿਸ ਬਦਲੇ ਆਪ ਨੂੰ ਜ਼ਿਲ੍ਹਾ ਤੇ ਸੂਬਾ ਪੱਧਰੀ ਪੁਰਸਕਾਰ ਹਾਸਲ ਹੋਏ ਹਨ। ਸੈਣੀ ਭਵਨ ਦੇ ਪ੍ਰਬੰਧਕ ਆਪ ਨੂੰ ਸਨਮਾਨਿਤ ਕਰਕੇ ਮਾਣ ਮਹਿਸੂਸ ਕਰਦੇ ਹਨ।

**ਖੂਨਦਾਨੀ ਦਲਜੀਤ ਸਿੰਘ :** ਥਰਮਲ ਪਲਾਂਟ ਰੂਪਨਗਰ ਵਿਚ ਡੈਸਕ ਕੰਟਰੋਲਰ ਦੀ ਸੇਵਾ ਨਿਭਾ ਰਹੇ ਸ.ਦਲਜੀਤ ਸਿੰਘ ਪ੍ਰਸਿੱਧ ਸਮਾਜਸੇਵੀ ਸਵ.ਪ੍ਰਦੁਮਣ ਸਿੰਘ ਦੇ ਸਪੁੱਤਰ ਹਨ। ਸ.ਦਲਜੀਤ ਸਿੰਘ ਰਾਸ਼ਟਰੀ ਪੱਧਰ ਦੇ ਦੌੜਾਕ ਹਨ। ਉਨ੍ਹਾਂ ਨੇ ਦਰਜਨਾਂ ਵੇਰ ਖੂਨਦਾਨ ਕਰਕੇ ਉੱਚ ਆਧਿਕਾਰੀਆਂ ਤੋਂ ਸਨਮਾਨ ਪੱਤਰ ਪ੍ਰਾਪਤ ਕੀਤੇ ਹਨ। ਉਹ ਅਤੇ ਉਨ੍ਹਾਂ ਦੇ ਦੋਵੇਂ ਬੇਟੇ ਸੈਣੀ ਭਵਨ ਦੇ ਹਰ ਕਾਰਜ ਵਿੱਚ ਤਨਦੇਹੀ ਨਾਲ ਸ਼ਾਮਿਲ ਹੁੰਦੇ ਹਨ। ਉਨ੍ਹਾਂ ਨੇ 30 ਤੋਂ ਵੱਧ ਸੈਣੀ ਸੰਸਾਰ ਦੇ ਮੈਂਬਰ ਬਣਾਏ ਹਨ ਅਤੇ ਖੂਨਦਾਨ ਕੈਂਪਾਂ ਦਾ ਆਯੋਜਨ ਵੀ ਕਰਦੇ ਹਨ।

**ਸਮਾਜਸੇਵੀ ਸ. ਹਾਕਮ ਸਿੰਘ :** ਸੈਣੀ ਭਵਨ ਦੇ ਮੋਢੀਆਂ ਵਿਚ ਸ਼ਾਮਲ ਸ.ਹਾਕਮ ਸਿੰਘ ਰੂਪਨਗਰ ਸ਼ਹਿਰ ਦੇ ਜਾਣੇ ਪਛਾਣੇ ਸਮਾਜ ਸੇਵੀ ਹਨ। ਉਹ ਭਵਨ ਦੀ ਹਰ ਪੱਖ ਤੋਂ ਸਹਾਇਤਾ ਕਰਦੇ ਹਨ। ਆਪ ਦਾ ਬੇਟਾ ਸ਼ਹਿਰ ਵਿੱਚ ਗੁਰੂ ਨਾਨਕ ਟੈਂਟ ਹਾਊਸ ਦਾ ਮਾਲਕ ਹੈ। ਆਪ ਆਪਣੇ ਪਿੰਡ ਗਰੇਵਾਲ ਦੇ ਲੰਬੜਦਾਰ ਹਨ।

**ਸਮਾਜਸੇਵੀ ਦਵਿੰਦਰ ਸਿੰਘ ਜਟਾਣਾ :** ਜ਼ਿਲ੍ਹਾ ਰੂਪਨਗਰ ਦੇ ਇਤਿਹਾਸਕ ਪਿੰਡ ਜਟਾਣਾ ਦੇ ਜੰਮਪਲ ਸ.ਦਵਿੰਦਰ ਸਿੰਘ ਬੇਲਾ ਕਾਲਜ ਦੇ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਹਨ, ਆਪ ਸਟੇਟ ਬੈਂਕ ਆਫ ਪਟਿਆਲਾ ਤੋਂ ਰਿਟਾਇਰ ਹੋਏ ਹਨ ਜਿਥੇ ਆਪ ਆਲ ਇੰਡੀਆ ਸਟੇਟ ਬੈਂਕ ਆਫ ਪਟਿਆਲਾ ਦਾ ਇੰਮਪਲਾਈਜ਼ ਯੂਨੀਅਨ ਦੇ ਪ੍ਰਧਾਨ ਰਹੇ ਹਨ ਆਪ ਸਟੇਟ ਬੈਂਕ ਆਫ ਪਟਿਆਲਾ ਦੇ ਡਾਇਰੇਕਟਰ ਵੀ ਰਹੇ ਹਨ। ਹੁਣ ਆਪ ਬੈਂਕ ਐਪਲਾਈਨਜ਼ ਪੈਨਸ਼ਨਰਜ਼ ਯੂਨੀਅਨ ਦੇ ਜਨਰਲ ਸੈਕਟਰੀ ਹਨ। ਆਪ ਸੈਣੀ ਭਵਨ ਦੇ ਆਜੀਵਨ ਮੈਂਬਰ ਅਤੇ ਸੰਸਥਾ ਦੇ ਸ਼ੁੱਭਚਿੰਤਕ ਹਨ।

**ਪ੍ਰਿੰਸੀਪਲ ਜਗਤਾਰ ਸਿੰਘ :** ਸ.ਗ.ਸੀ.ਸੈ.ਸਕੂਲ ਚਮਕੌਰ ਸਾਹਿਬ ਦੇ ਪ੍ਰਿੰਸੀਪਲ ਸ.ਜਗਤਾਰ ਸਿੰਘ ਯੂਨੀਵਰਸਿਟੀ ਪੱਧਰ ਦੇ ਹਾਕੀ ਖਿਡਾਰੀ ਹਨ, ਆਪ ਨੇ ਐਮ.ਪੀ.ਐੱਡ. ਫਿਜ਼ੀਕਲ ਐਜੂਕੇਸ਼ਨ ਕਾਲਜ ਪਟਿਆਲਾ ਤੋਂ ਕੀਤੀ ਅਤੇ ਪੰਜਾਬੀ ਵਿਸ਼ੇ ਵਿਚ ਐੱਮ.ਏ. ਪਾਸ ਕੀਤੀ। ਆਪ ਸਿੱਧੀ ਭਾਰਤੀ ਰਾਹੀਂ ਅਧਿਆਪਕ ਚੁਣੇ ਗਏ ਅਤੇ ਤਰੱਕੀ ਰਾਹੀਂ ਪ੍ਰਿੰਸੀਪਲ ਬਣੇ ਹਨ। ਆਪ ਰੂਪਨਗਰ ਸ਼ਹਿਰ ਦੇ ਨਜ਼ਦੀਕ ਸ਼ਾਮਪੁਰਾ ਪਿੰਡ ਦੇ ਵਸਨੀਕ ਹਨ। ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਆਪਣੇ ਇਸ ਨੌਜਵਾਨ ਸਿੱਖਿਆ ਅਧਿਕਾਰੀ ਤੇ ਮਾਣ ਹੈ।

**ਸ. ਸੁਖਵਿੰਦਰ ਸਿੰਘ:** ਸਰਕਾਰੀ ਨੌਕਰੀ ਤੋਂ ਅਧਿਆਪਕ ਵਜੋਂ ਸੇਵਾ ਮੁਕਤ ਸ.ਸੁਖਵਿੰਦਰ ਸਿੰਘ ਦੇਸੂਮਾਜਰਾ ਪਿੰਡ ਦੇ ਜੰਮਪਲ ਹਨ, ਆਪ ਦੇ ਸਪੁੱਤਰ ਇੰਜ. ਤੇਜਦੀਪ ਸਿੰਘ ਸੈਣੀ ਪੀ.ਸੀ.ਐੱਸ ਅਧਿਕਾਰੀ ਹਨ। ਆਪ ਨੇ ਸੈਣੀ ਭਵਨ ਲਈ ਇੱਕ ਲੱਖ ਰੁਪਏ ਇਸ ਵਿਕਾਸ ਕਾਰਜਾਂ ਲਈ ਦਾਨ ਦਿੱਤੇ ਹਨ। ਇਹ ਪਰਿਵਾਰ ਸੈਣੀ ਭਵਨ ਨਾਲ ਜੁੜਿਆ ਹੋਇਆ ਹੈ। ਆਪ ਜਾਣੇ ਪਛਾਣੇ ਸਮਾਜ ਸੇਵੀ ਹਨ।

**ਸਮਾਜਸੇਵੀ ਸ. ਦਿਲਾਵਰ ਸਿੰਘ :** ਆਪ ਮੁੱਖ ਤੌਰ ਤੇ ਰੋਪੜ ਨਾਲ ਸੰਬੰਧਤ ਹਨ ਰੋਪੜ ਤੋਂ ਹੀ ਇਹਨਾਂ ਨੇ ਪੜ੍ਹਾਈ ਕੀਤੀ। ਇਨ੍ਹਾਂ ਨੇ ਫਾਰਮੇਸੀ ਵਿਚ ਡਿਗਰੀ ਕੀਤੀ। ਹੁਣ ਇਹ ਮੁਹਾਲੀ ਵਿਚ ਇਕ ਇਮੀਗ੍ਰੇਸ਼ਨ ਕਨਸਟੈਸੀ ਜਿਸ ਦਾ ਨਾਂ ਉਡਾਣ ਕਨਸਲਟੈਂਟ ਹੈ, ਚਲਾ ਰਹੇ ਹਨ। ਇਹ ਕਈ ਪਾਰਟੀਆਂ ਨਾਲ ਸੰਬੰਧਿਤ ਰਹੇ ਹਨ ਜਿਵੇਂ ਐਨ.ਐੱਸ.ਯੂ.ਆਈ. ਪੰਜਾਬ ਯੂਥ ਕਾਂਗਰਸ ਆਦਿ। ਇਹ ਚਰਨਜੀਤ ਸਿੰਘ ਚੰਨੀ ਦੁਆਰਾ ਬਣਾਈ ਗਈ ਕੋਰ ਕਮੇਟੀ ਟੀਮ ਦੇ ਸਰਗਰਮ ਮੈਂਬਰ ਰਹੇ ਹਨ ਜਿਸਦੇ ਹੁਣੇ ਹੋਈ ਇਲੈਕਸ਼ਨ ਵਿਚ ਚੰਨੀ ਜੀ ਨੂੰ ਤੀਜੀ ਵਾਰ ਜਿੱਤਾਇਆ ਹੈ।

**ਉੱਚ ਅਧਿਕਾਰੀ ਸ. ਰਣਜੀਤ ਸਿੰਘ ਧਮੜੈਤ :** ਪਿੰਡ ਕੋਟਲਾ ਨਿਹੰਗ ਦੇ ਸਾਧਾਰਨ ਪਰਿਵਾਰ ਨਾਲ ਸਬੰਧਿਤ ਇਸ ਕਾਨੂੰਨ-ਅਧਿਕਾਰੀ ਦੇ ਕਾਮਯਾਬੀ ਦਾ ਲੰਬਾ ਸਫ਼ਰ ਕੀਤਾ ਹੈ ਉਨ੍ਹਾਂ ਨੇ ਬੀ.ਏ. ਸਰਕਾਰੀ ਕਾਲਜ ਰੂਪਨਗਰ ਤੋਂ ਐਲ.ਐਲ.ਬੀ. ਇੰਦੌਰ ਤੋਂਕਰ ਕੇ ਪੰਜਾਬ ਦੇ ਕਾਨੂੰਨੀ ਵਿਭਾਗ ਵਿਚ ਲਾਅ ਅਫ਼ਸਰ ਦਾ ਅਹੁਦਾ ਲਿਆ ਉਹ ਤਰੱਕੀ ਕਰਕੇ ਡਿਪਟੀ ਐਲ.ਆਰ.ਬਣਨ ਉਪਰੰਤ ਹੁਣ ਜਾਇੰਟ ਐੱਲ ਆਰ ਦੇ ਅਹੁਦੇ ਤੇ ਤਾਇਨਾਤ ਹਨ। ਆਪ ਪੰਜਾਬ ਸੈਕਟ੍ਰੇਟ 'ਚੋਂ ਡਿਪਟੀ ਸੈਕਟਰੀ ਰਿਟਾਇਰਿ ਹੋਏ ਸ ਸਿੰਘ ਲੰਬੜ ਦੇ ਜਵਾਈ ਹਨ।ਸਾਨੂੰ ਇਸ ਉੱਚ ਅਧਿਕਾਰੀ 'ਤੇ ਅੰਤਾਂ ਦਾ ਮਾਣ ਹੈ।

**ਗੋਲਾ ਸੁਟਾਵਾ ਇੰਦਰਜੀਤ ਸਿੰਘ :** ਏਸ਼ੀਆਈ ਚੈਂਪੀਅਨ ਗੋਲਾ ਸੁਟਾਵਾ ਇੰਦਰਜੀਤ ਸਿੰਘ ਨਵਾਂ ਸ਼ਹਿਰ ਜ਼ਿਲੇ ਦੇ ਪਿੰਡ ਮਹਿਤਪੁਰ ਉੱਲਦਵੀ ਵਿਚ ਸਾਧਾਰਣ ਸੈਣੀ ਪਰਿਵਾਰ ਵਿੱਚ ਜਨਮੇ ਇਸ ਖਿਡਾਰੀ ਨੇ ਆਪਣੇ ਕਾਲਜ ਜੀਵਨ ਤੋਂ ਹੀ ਗੋਲਾ ਸੁੱਟਣ ਦੇ ਮੁਕਾਬਲਿਆਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ।ਉਨ੍ਹਾਂ ਨੇ ਦਰਜਨਾਂ ਹੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਜਿੱਤਾਂ ਪ੍ਰਾਪਤ ਕੀਤੀਆਂ ਹਨ। ਉਹ ਸਾਲ 2016 ਦੀਆਂ ਉਲੰਪਿਕ ਖੇਡਾਂ ਲਈ ਕੁਝ ਕਾਰਨਾਂ ਕਰਕੇ ਭਾਗ ਲੈਣ ਤੋਂ ਰਹਿ ਗਏ।

ਇਨ੍ਹਾਂ ਤੋਂ ਇਲਾਵਾ ਸ਼੍ਰੀਮਤੀ ਵਿਜੈ ਲਕਸ਼ਮੀ ਸੈਣੀ, ਸ਼੍ਰੀਮਤੀ ਕੋਸ਼ਲਿਆ ਦੇਵੀ, ਲੈਕਚਰਾਰ ਜਸਪ੍ਰੀਤ ਕੌਰ, ਰਾਸ਼ਟਰੀ ਨਿਸ਼ਾਨੇਬਾਜ਼ ਰਾਜਵੀਰ ਸਿੰਘ, ਰਿਟਾ. ਪ੍ਰਿੰਸੀਪਲ ਸ਼੍ਰੀਮਤੀ ਚੰਦਰਕਾਂਤਾ ਸੈਣੀ ਅਤੇ ਸ. ਤੇਜਿੰਦਰ ਸਿੰਘ ਤੇਜ ਪ੍ਰਿੰਟਿੰਗ ਪ੍ਰੈਸ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।



## FIVE YEAR MEMBERS OF "SAINI SANSAR"

Ajmer Singh Dhamrait
Circulation Manager

Continued from page No. 35 of 25th Issue

683. **Sh. K.L. Saini**
Sector 42, Chandigarh

684. **S. Ujjagar Singh Banwait**
# 114, Sun Enclave, Ropar

685. **S. Balbir Singh**
Vill. Jhanjowal, Distt. Hoshiarpur

686. **S. Kuljinder Singh**
# 474, Phase 3A, Mohali

687. **S. Pritam Singh**
# 1872/6, Guashala Road, Ropar

688. **Sh. Dharam Parkash**
#1518, Mohalla Guga Mari, Ropar

689. **S. Balwinder Singh Nanuan**
Jujhar Singh Nagar, Makbara Road, Ropar

690. **S. Harjinder Singh Longia**
Vill. Gajpur, P.O. Kotla Power House, A.P.S.

691. **S. Rajinder Singh**
Jain Mohalla, Ropar

692. **Sh . Harish Saini**
# 5355, Jujhar Nagar, Ropar

693. **Dr. Jagdish Kaur MBBS (Gyane)**
# 1688, Opp. Ropar Cent. Coop. Bank, Ropar

694. **Sh. Avtar Singh Contractor**
Gurdwara Batha Sahib Road, Ropar

695. **Sub. Kamaljeet Singh**
VPO Nikowal, Teh. A.P.S., Distt. Ropar

696. **S. Lakhvir Singh**
# 209, Dashmesh Colony, Ropar

697. **Janta Saini Sweet**
Old Bus Stand, Balachaur

698. **S. Tara Singh**
Sukhram Tapprian, Ropar

699. **S. Amrik Singh Girn**
# 3319, Sector 35-D, Chandigarh

700. **S. Kuldeep Singh AEO (Retd.)**
VPO Kiratpur Sahib, Distt. Hoshiarpur

701. **Sh. Dev Raj Saini**
Near Khalsa School, Ropar

671. **Rajinder Singh**
Krishana Kunj Appartment, Kolkata

672. **Smt. Amrit Kaur**
Garhshankar, Distt. Hoshiarpur

## ਸਾਲਾਨਾ ਸੈਣੀ ਸੰਮੇਲਨ ਅਪ੍ਰੈਲ 2017 ਸਮੇ ਸੈਣੀ ਭਵਨ ਨੂੰ ਆਰਥਿਕ ਸਹਾਇਤਾ ਦੇਣ ਵਾਲੇ ਦਾਨੀ ਸੱਜਣ (500 ਰੁਪਏ ਜਾਂ ਇਸ ਤੋਂ ਵੱਧ)

### ਵਿਕਾਸ ਕਾਰਜਾਂ ਲਈ :

| | |
|---|---|
| 1. ਸ. ਭਗਵਾਨ ਸਿੰਘ, ਪੰਚਕੂਲਾ | 21000/ |
| 2 ਸੁਕੈ. ਲੀਡਰ ਮਨਜੀਤ ਸਿੰਘ ਪਾਬਲ਼ਾ, ਚੰਡੀਗੜ੍ਹ | 1100/ |
| 3. ਸ. ਜਗਦੇਵ ਸਿੰਘ ਪੰਘਲੀਆ, ਮੋਹਾਲੀ | 1100/ |
| 4. ਸ.ਤਰਲੋਚਨ ਸਿੰਘ,ਮੋਹਾਲੀ | 1100/ |
| 5. ਸ਼੍ਰੀਮਤੀ ਸੁਰਿੰਦਰ ਕੌਰ ਸੈਣੀ,ਰੂਪਨਗਰ | 1100/ |
| 6. ਸ.ਹਰਅਜੀਤ ਸਿੰਘ, ਹੁਸ਼ਿਆਰਪੁਰ | 500/ |
| 7. ਡਾ. ਜਗਜੀਤ ਸਿੰਘ ਨਨੂਆਂ, ਰੂਪਨਗਰ | 600/ |
| 8. ਸੂਬੇ.ਅਮਰਜੀਤ ਸਿੰਘ,ਪੰਜੌੜ(ਹੁਸ਼ਿਆਰਪੁਰ) | 500/ |
| 9. ਸ. ਕਰਨੈਲ ਸਿੰਘ,ਪੰਜੌੜ(ਹੁਸ਼ਿਆਰਪੁਰ) | 500/ |
| 10.ਸ.ਸੁਰਜੀਤ ਸਿੰਘ,ਪੰਜੌੜ (ਹੁਸ਼ਿਆਰਪੁਰ) | 500/ |
| 11.ਸੂਬੇ.ਮਨਜੀਤ ਸਿੰਘ,ਪੰਜੌੜ(ਹੁਸ਼ਿਆਰਪੁਰ) | 500/ |
| 12.ਸ਼੍ਰੀ ਐਸ.ਐਸ.ਸੈਣੀ, ਰੂਪਨਗਰ | 500/ |
| 13. ਸ.ਕੁਲਦੀਪ ਸਿੰਘ ਮੁੰਦਰਾ,ਹਵੇਲੀ ਕਲਾਂ | 500/ |

### ਆਜੀਵਨ ਮੈਂਬਰਸ਼ਿਪ

| | |
|---|---|
| 1. ਸ਼੍ਰੀਮਤੀ ਕਰਮਜੀਤ ਕੌਰ | 11000/ |
| 2. ਸ.ਹਰਦਿਆਲ ਸਿੰਘ ,ਜਟਾਣਾ | 6100/- |

### ਵਜ਼ੀਫ਼ਿਆਂ ਲਈ

| | |
|---|---|
| 1. ਸ਼੍ਰੀਮਤੀ ਰਣਜੀਤ ਕੌਰ ਗਿਰਨ ਯੂ.ਐਸ.ਏ. | 10000/ |
| 2. ਸ.ਟੇਕਪਾਲ ਸਿੰਘ,ਫਰੀਦਾਬਾਦ | 10000/ |
| 3. ਸ.ਗੁਰਮੁਖ ਸਿੰਘ, ਐਮ.ਸੀ.ਰੂਪਨਗਰ | 10000/ |
| 4. ਸ.ਹਰਬੰਸ ਸਿੰਘ, ਯੂ.ਐਸ.ਏ. | 6000/ |
| 5. ਸ.ਅਮਰੀਕ ਸਿੰਘ ,ਰੂਪਨਗਰ | 6000/ |
| 6. ਸ਼੍ਰੀਮਤੀ ਕ੍ਰਿਪਾਲ ਕੌਰ | 5000/ |

ਇਨ੍ਹਾਂ ਸਾਰੇ ਦਾਨੀ ਸੱਜਣਾ ਦਾ ਸੈਣੀ ਭਵਨ ਵਲੋਂ ਬਹੁਤ ਬਹੁਤ ਧੰਨਵਾਦ

ਸਵਰਗਵਾਸੀ ਸ਼੍ਰੀ ਐੱਲ. ਆਰ. ਮੁੰਦਰਾ ਜੀ ਦੀ ਵਸੀਅਤ ਅਨੁਸਾਰ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਨੂੰ 95697 ਰੁਪਏ ਅਤੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ 95697 ਰੁਪਏ ਆਰਥਿਕ ਸਹਾਇਤਾ ਵਜੋਂ ਪ੍ਰਾਪਤ ਹੋਏ ਹਨ। ਪ੍ਰਮਾਤਮਾ ਵਿਛੜੀ ਆਤਮਾ ਨੂੰ ਸ਼ਾਂਤੀ ਬਖਸ਼ੇ।



## ਵਿਸ਼ਵ ਪੱਧਰੀ ਸੈਣੀ ਸਖਸ਼ੀਅਤਾਂ

ਰਾਜਿੰਦਰ ਸਿੰਘ
ਸੈਣੀ ਭਵਨ ਰੋਪੜ।


### ਮਿਸ ਵਸ਼ਿੰਗਟਨ-ਸ਼੍ਰੀ ਸੈਣੀ

ਪੰਜਾਬ ਦੇ ਛੋਟੇ ਜਿਹੇ ਸ਼ਹਿਰ ਅਬੋਹਰ ਦੀ ਜੰਮਪਲ ਮਿਸ ਸ਼੍ਰੀ ਸੈਣੀ (ਉਮਰ 21 ਸਾਲ) ਨੇ " ਮਿਸ ਵਸ਼ਿੰਗਟਨ ਹੋਪ ਹਰਟ 2017" ਖਿਤਾਬ ਹਾਸਲ ਕਰਕੇ ਵਿਸ਼ਵ ਭਰ ਵਿੱਚ ਸੈਣੀ ਬਰਾਦਰੀ ਦਾ ਨਾਮ ਮਸ਼ਹੂਰ ਕਰ ਦਿੱਤਾ ਹੈ।ਇਸ ਤੋਂ ਪਹਿਲਾਂ ਉਹ "ਪਿਉਪਲਜ਼ ਚਾਇਸ ਐਵਾਰਡ 2017" ਵੀ ਪ੍ਰਾਪਤ ਕਰ ਚੁੱਕੀ ਹੈ ਜਿਸ ਲਈ ਉਸ ਨੂੰ 2300 ਅਮੈਰੀਕਨ ਡਾਲਰ ਵਜ਼ੀਫ਼ਾ ਮਿਲੇਗਾ।ਉਹ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵਿੱਚ ਪਬਲਿਕ ਐਡਮਨਿਟਰੇਸ਼ਨ ਅਤੇ ਬਿਜ਼ਨਸ ਦੀ ਅੰਡਰਗ੍ਰੈਜੂਏਟ ਵਿਦਿਆਰਥਣ ਹੈ।ਉਹ ਅਜੇ 7 ਸਾਲ ਦੀ ਹੀ ਸੀ ਕਿ ਆਪਣੇ ਪਿਤਾ ਸ਼੍ਰੀ ਸੰਜੈ ਸੈਣੀ ਅਤੇ ਮਾਤਾ ਸ਼੍ਰੀਮਤੀ ਏਕਤਾ ਸੈਣੀ ਨਾਲ ਵਸ਼ਿੰਗਟਨ ਚਲੇ ਗਈ ਸੀ।ਸ਼੍ਰੀ ਸੈਣੀ ਦੇ ਦਾਦਾ ਸ਼੍ਰੀ ਟੀ.ਆਰ.ਸਚਦੇਵਾ ਅਤੇ ਦਾਦੀ ਸ਼੍ਰੀਮਤੀ ਵਿਜੇ ਲਕਸ਼ਮੀ ਅਬੋਹਰ ਵਿੱਚ ਹੀ ਰਹਿੰਦੇ ਹਨ।ਇਸ ਮੁਟਿਆਰ ਨੇ 2016 ਵਿੱਚ ਮਿਸ ਸਿਆਟਲ ਅਤੇ ਮਿਸ ਮੋਜ਼ਜ਼ ਦਾ ਖਿਤਾਬ ਹਾਸਿਲ ਕੀਤਾ ਸੀ।ਉਹ ਹਰਵਰਡ ਯੂਨੀਵਰਸਿਟੀ ਅਤੇ ਸਟਾਨਫੋਰਡ ਯੂਨੀਵਰਸਿਟੀ ਦੇ ਸਮਰ ਸਕੂਲਾਂ ਦੀ ਵਿਦਿਆਰਥਣ ਰਹੀ ਹੈ।ਸ਼੍ਰੀ ਸੈਣੀ ਉਤਸ਼ਾਹੀ ਸਮਾਜਸੇਵੀ ਹੈ।ਸਾਰੀ ਸੈਣੀ ਬਰਾਦਰੀ ਨੂੰ ਆਪਣੀ ਇਸ ਬੇਟੀ 'ਤੇ ਮਾਣ ਹੈ।



### ਵਿਸ਼ਵ ਪੱਧਰੀ ਕੇਨ ਫਿਲਮ ਮੇਲੇ ਵਿੱਚ ਭਾਗ ਲੈਣ ਵਾਲਾ ਪਹਿਲਾ ਸਿੱਖ- ਸਤਿੰਦਰ ਸਰਤਾਜ

ਸੈਣੀ ਬਾਰਦਰੀ ਦਾ ਡਾ. ਸਤਿੰਦਰਪਾਲ ਸਿੰਘ (ਸਤਿੰਦਰ ਸਰਤਾਜ) ਦੁਨੀਆਂ ਦਾ ਪਹਿਲਾ ਸਿੱਖ ਸਰਦਾਰ ਹੈ ਜੋ ਕੈਨੇਡਾ ਦੇ ਕੇਨ ਫਿਲਮ ਮੇਲੇ ਵਿੱਚ ਰੈੱਡ ਕਾਰਪਟ 'ਤੇ ਤੁਰਿਆ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਜਰਾਵਰ ਦਾ ਜੰਮਪਲ ਗਾਇਕ, ਕਵੀ,ਅਤੇ ਐਕਟਰ ਇਹ ਨੌਜਵਾਨ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਮਹਾਰਾਜਾ ਦਲੀਪ ਸਿੰਘ ਦੇ ਦੁਖਦਾਈ ਜੀਵਨ 'ਤੇ ਬਣਾਈ ਜਾ ਰਹੀ ਫਿਲਮ 'ਦ ਬਲੈਕ ਪ੍ਰਿੰਸ' ਵਿੱਚ ਹੀਰੋ ਦੀ ਭੂਮਿਕਾ ਨਿਭਾ ਰਿਹਾ ਹੈ।



ਸਤਿੰਦਰ ਸਰਤਾਜ ਨੇ ਆਪਣੀ ਮੁਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਅਤੇ ਸੰਗੀਤ ਵਿਸ਼ੇ ਵਿੱਚ ਬੀ.ਏ.ਆਨਰਜ਼ ਸਰਕਾਰੀ ਕਾਲਿਜ ਹੁਸ਼ਿਆਰਪੁਰ ਤੋਂ ਪ੍ਰਾਪਤ ਕੀਤੀ । ਕਲਾਸੀਕਲ ਸੰਗੀਤ ਵਿਚ ਹੋਰ ਮੁਹਾਰਿਤ ਹਾਸਿਲ ਕਰਨ ਲਈ ਉਸ ਨੇ ਜਲੰਧਰ ਤੋਂ 5-ਸਾਲਾ ਸੰਗੀਤ ਵਿਸ਼ਾਰਦ ਦਾ ਡਿਪਲੋਮਾ ਵੀ ਕੀਤਾ।ਉਨ੍ਹਾਂ ਨੇ ਕੁੱਝ ਸਮਾਂ ਪੰਜਾਬ ਯੂਨੀਵਰਸਿਟੀ ਵਿੱਚ ਸੰਗੀਤ ਵਿਸ਼ਾ ਪੜ੍ਹਾਇਆ ਵੀ ਅਤੇ ਇਸ ਵਿਸ਼ੇ ਵਿੱਚ ਪੀ.ਐੱਚ.ਡੀ. ਹਾਸਿਲ ਕੀਤੀ।ਗਾਇਕੀ ਵਿੱਚ ਪ੍ਰਸਿੱਧ ਹੋਣ ਤੋਂ ਪਹਿਲਾਂ ਉਸ ਨੇ ਟੀ.ਵੀ.ਦੇ ਜ਼ੀ ਅੰਤਾਕਸ਼ੀ,ਆਲ ਇੰਡੀਆ ਲਾਈਟ ਵੋਕਲ ਫੈਸਟੀਵਲ ਅਤੇ ਪੰਜਾਬ ਹੈਰੀਟੇਜ਼ ਫਾਊਂਡੇਸ਼ਨ ਕੰਪੀਟੀਸ਼ਨਜ਼ ਜਿਹੇ ਰਾਸ਼ਟਰ ਪੱਧਰੀ ਮਿਊਜ਼ੀਕਲ ਈਵਿੰਟਸ ਵਿੱਚ ਭਾਗ ਲੈ ਕੇ ਤਮਗੇ ਹਾਸਿਲ ਕੀਤੇ ।ਮਈ 2,2014 ਨੂੰ ਉਸ ਨੇ ਰਾਇਲ ਐਲਬਰਟ ਹਾਲ ਵਿੱਚ ਵਿਸ਼ਵ ਪੱਧਰੀ ਪ੍ਰੋਗਰਾਮ ਪੇਸ਼ ਕੀਤਾ।ਸੰਨ 2009 ਤੋਂ ਹੁਣ ਤੱਕ ਉਸ ਨੇ ਸੰਗੀਤ ਦੀਆਂ ਨੌਂ ਐਲਬਮਾਂ ਕੱਢੀਆਂ ਹਨ ਜਿਨ੍ਹਾਂ ਨੂੰ ਸਰੋਤਿਆਂ ਨੇ ਬੇਹੱਦ ਪਸੰਦ ਕੀਤਾ ਹੈ।ਉਹ ਸੂਫੀ ਸੰਗੀਤ ਦਾ ਨਿਵੇਕਲਾ ਗਾਇਕ ਹੈ।ਸੈਣੀ ਬਰਾਦਰੀ ਸਰਤਾਜ ਦੀ ਬੁਲੰਦੀ ਲਈ ਅਰਦਾਸ ਕਰਦੀ ਹੈ।

### ਹਰਗੁਣਦੀਪ ਸਿੰਘ ਸੈਣੀ (ਦੀਪ ਸੈਣੀ) :

ਪੰਜਾਬ ਦੇ ਜ਼ਿਲ੍ਹਾ ਐੱਸ.ਬੀ.ਐੱਸ. ਨਗਰ ਦੇ ਪਿੰਡ ਸੂਰਾਂਪੁਰ ਵਿੱਚ ਜਨਮੇ ਸ. ਹਰਗੁਣਦੀਪ ਸਿੰਘ ਸੈਣੀ ਅਸਟ੍ਰੇਲੀਆ ਦੀ ਯੂਨੀਵਰਸਿਟੀ ਆਫ ਕੈਨਬਰਾ ਦੇ ਵਾਈਸ ਚਾਂਸਲਰ ਅਤੇ ਪ੍ਰੈਜ਼ੀਡੈਂਟ ਹਨ। ਉਹ ਪਹਿਲਾਂ ਕੈਨੇਡਾ ਦੀ ਯੂਨੀਵਰਸਿਟੀ ਆਫ ਟਰੋਂਟੋ ਦੇ ਵਾਈਸ ਪ੍ਰੈਜ਼ੀਡੈਂਟ ਰਹੇ ਹਨ। ਸ਼੍ਰੀ ਸੈਣੀ ਉੱਘੇ ਪਲਾਂਟ ਫਿਜ਼ੀਓਲੋਜਿਸਟ ਹਨ। ਇਨ੍ਹਾਂ ਨੇ ਮਾਸਟਰ ਡਿਗਰੀ ਅਤੇ ਡਾਕਟਰੇਟ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਕੀਤੀ ਅਤੇ ਪੋਸਟ ਡਾਕਟੋਰਲ ਫੈਲੋਸ਼ਿਪ ਲਈ 1982 ਵਿੱਚ ਕੈਨੇਡਾ ਚਲੇ ਗਏ। ਉਹ ਸੰਨ 2006 ਤੱਕ ਯੂਨੀਵਰਸਿਟੀ ਆਫ ਵਾਟਰਲੂਅ ਦੇ ਡੀਨ ਵੀ ਰਹਿ ਚੁੱਕੇ ਹਨ।



ਬਹੁਪੱਖੀ ਸੈਣੀ ਸਖ਼ਸ਼ੀਅਤ



# ਸ. ਹਰਜੀਤ ਸਿੰਘ ਸੱਜਣ

ਡਾ. ਅਜਮੇਰ ਸਿੰਘ

ਕੈਨੇਡਾ ਦੇ ਰੱਖਿਆ ਮੰਤਰੀ ਸ.ਹਰਜੀਤ ਸਿੰਘ ਸੱਜਣ ਭਾਰਤ ਦੀ ਆਪਣੀ ਪਹਿਲੀ ਸੱਤ-ਦਿਨਾਂ ਸਰਕਾਰੀ ਯਾਤਰਾ ਦੌਰਾਨ ਹੀ ਅਮਿਟ ਯਾਦਾਂ ਛੱਡ ਗਏ ਹਨ।ਉਨ੍ਹਾਂ ਨੇ ਆਪਣੀ ਨਿਮਰਤਾ, ਸੱਜਣਤਾਈ, ਪਰਪੱਕ ਰਾਜਨੀਤਿਕ ਸੂਝਬੂਝ, ਸਿਆਣਪ ਅਤੇ ਦਿਆਨਤਦਾਰੀ ਸਦਕਾ ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਦਾ ਦਿਲ ਜਿੱਤ ਲਿਆ ਹੈ।ਆਪਣੇ ਜਨਮ-ਸਥਾਨ, ਬਜ਼ੁਰਗਾਂ, ਇਲਾਕੇ, ਧਰਮ ਅਤੇ ਕੌਮ ਨਾਲ ਉਨ੍ਹਾਂ ਦੇ ਅੰਦਰਲਾ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਸੀ।ਉਨ੍ਹਾਂ ਦਾ ਆਪਣੇ ਮੌਜੂਦਾ ਦੇਸ਼ ਅਤੇ ਅਹੁਦੇ ਪ੍ਰਤਿ ਜ਼ਿੰਮੇਵਾਰੀ ਦਾ ਅਹਿਸਾਸ ਸਾਡੇ ਦੇਸ਼ ਦੇ ਨੇਤਾਵਾਂ ਲਈ ਬਹੁਤ ਕੀਮਤੀ ਸੰਦੇਸ਼ਾ ਹੈ।

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ,ਬੰਬੇਲੀ ਵਿਖੇ 6 ਸਤੰਬਰ,1970 ਨੂੰ ਸ.ਕੁੰਦਨ ਸਿੰਘ ਸੱਜਣ ਦੇ ਸਾਧਾਰਨ ਕਿਸਾਨੀ ਪਰਿਵਾਰ ਵਿੱਚ ਜਨਮੇ ਹਰਜੀਤ ਸਿੰਘ ਨੂੰ ਪੰਜ ਸਾਲ ਦੀ ਉਮਰ ਵਿੱਚ ਹੀ ਆਪਣੇ ਮਾਂਬਾਪ ਨਾਲ ਕੈਨੇਡਾ ਜਾਣਾ ਪਿਆ।ਉਨ੍ਹਾਂ ਦਾ ਬਚਪਨ ਦੱਖਣੀ ਵੈਨਕੂਵਰ ਵਿੱਚ ਹੀ ਬੀਤਿਆ ਜਿੱਥੇ 1996 ਵਿੱਚ ਉਨ੍ਹਾਂ ਦਾ ਵਿਆਹ ਸ਼੍ਰੀਮਤੀ ਕੁਲਜੀਤ ਕੌਰ ਨਾਲ ਹੋਇਆ ਜੋ ਕਿ ਫੈਮਲੀ ਫਜ਼ਿਸ਼ੀਅਨ ਹਨ।ਆਪ ਇੱਕ ਬੇਟੇ ਅਤੇ ਇੱਕ ਬੇਟੀ ਦੇ ਸੁਭਾਗੇ ਪਿਤਾ ਹਨ।ਸੰਜਮੀ ਸੁਭਾ ਵਾਲੇ ਇਸ ਨੌਜਵਾਨ ਨੇ ਆਪਣੇ ਆਪ ਨੂੰ ਬੁਰੀ ਸੰਗਤ ਤੋਂ ਬਚਾ ਕੇ ਰੱਖਣ ਲਈ ਚੜ੍ਹਦੀ ਉਮਰੇ ਹੀ ਗੁਰੂ ਦਾ ਲੜ ਫੜ ਲਿਆ ਜੋ ਉਸ ਨੇ ਅਨੇਕ ਕਠਿਨਾਈਆਂ ਦੇ ਬਾਵਜੂਦ ਕਦੇ ਨਹੀਂ ਛੱਡਿਆ।

ਆਪ ਨੇ 1989 ਵਿੱਚ ਬ੍ਰਿਟਿਸ਼ ਕੋਲੰਬੀਆ ਰੈਜਮੈਂਟ ਵਿੱਚ ਟਰੂਪਰ ਵਜੋਂ ਭਰਤੀ ਹੋ ਕੇ 1991 ਵਿੱਚ ਕਮਿਸ਼ਨ ਪ੍ਰਾਪਤ ਕਰ ਲਿਆ ਅਤੇ ਲੈਫਟੀਨੈਂਟ ਕਰਨਲ ਦੇ ਅਹੁਦੇ ਤੱਕ ਤਰੱਕੀ ਕਰ ਲਈ।ਆਪ ਦੀ ਤੀਖਣ ਬੁੱਧੀ ਨੂੰ ਪਛਾਣਦਿਆਂ ਕੈਨੇਡਾ ਸਰਕਾਰ ਵਲੋਂ ਬਹੁਤ ਹੀ ਸੰਵੇਦਨਸ਼ੀਲ ਸੁਰੱਖਿਆ ਕਾਰਜਾਂ ਲਈ ਆਪ ਨੂੰ ਇੱਕ ਵੇਰ ਬੋਸਨੀਆਂ ਅਤੇ ਤਿੰਨ ਵੇਰ ਅਫ਼ਗਾਨਿਸਤਾਨ ਭੇਜਿਆ ਗਿਆ।ਬੋਸਨੀਆਂ ਵਿੱਚ ਆਪ ਦੇ ਚਾਰ ਸਾਥੀ ਮਾਰੇ ਗਏ ਅਤੇ ਆਪ ਵੀ ਸਖ਼ਤ ਜ਼ਖ਼ਮੀ ਹੋਏ।ਆਪ ਨੇ 11 ਸਾਲ ਤੱਕ ਵੈਨਕੂਵਰ ਪੁਲਿਸ ਵਿਭਾਗ ਵਿੱਚ ਨਸ਼ਿਆਂ ਦੇ ਗੈਂਗ ਕਰਾਈਮਜ਼ ਡਿਟੈਕਟਿਵ ਅਤੇ ਆਰਗੇਨਾਈਜ਼ਡ ਕਰਾਈਮ ਇਨਵੈਸਟੀਗੇਟਰ ਵਜੋਂ ਕੰਮ ਕੀਤਾ।ਆਪ ਨੇ ਆਪਣੇ ਪੰਜਾਬੀ ਹੋਣ ਦਾ ਲਾਭ ਲੈ ਕੇ ਬਹੁਤ ਹੀ ਖਤਰਨਾਕ ਪੰਜਾਬੀ ਗੈਂਗਸਟਰਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ।ਇਸ ਸਦਕਾ ਆਪ ਕੈਨੇਡਾ ਸਰਕਾਰ ਦੇ ਚਹੇਤੇ ਅਧਿਕਾਰੀ ਬਣ ਗਏ। ਆਪ ਨੂੰ 2006 ਵਿੱਚ ਕੰਧਾਰ ਵਿਖੇ ਰਾਇਲ ਕੈਨੇਡੀਅਨ ਰਜਮੈਂਟ ਨਾਲ ਤਾਇਨਾਤ ਕੀਤਾ ਗਿਆ ਜਿਸ ਦਾ ਕੰਮ ਸੀ ਅਤਿਵਾਦੀ ਸੰਗਠਨ ਤਾਲਿਬਾਨ ਦੇ ਕੇਡਰਾਂ ਵਿੱਚ ਧੁਰ ਅੰਦਰ ਵੜ ਕੇ ਉਸ ਦੀਆਂ ਗੁਪਤ ਕਾਰਵਾਈਆਂ ਦੀ ਸੂਹ ਲੈਣੀ।ਸ. ਹਰਜੀਤ ਸਿੰਘ ਨੇ ਆਪਣੀ ਮਾਤਭਾਸ਼ਾ ਪੰਜਾਬੀ ਅਤੇ ਸਿੱਖੀ ਸਰੂਪ ਦਾ ਲਾਭ ਲੈਂਦਿਆਂ ਤਾਲਿਬਾਨਾਂ ਨਾਲ ਨੇੜਤਾ ਬਣਾ ਲਈ ਜਿਸ ਨਾਲ ਉਨ੍ਹਾਂ ਨੂੰ ਬੇਮਿਸਾਲ ਸਫ਼ਲਤਾ ਹਾਸਲ ਹੋਈ।ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਪ੍ਰਭਾਵਿਤ ਹੋ ਕੇ ਅਫਗਾਨਿਸਤਾਨ ਵਿੱਚ ਅਮਰੀਕਨ ਸੁਰੱਖਿਆ ਸੇਵਾਵਾਂ ਦੇ ਮੁਖੀ ਬ੍ਰਗੇਡੀਅਰ ਜਨਰਲ ਡੇਵਿਡ ਫਰੇਜ਼ਰ ਨੇ ਸ.ਹਰਜੀਤ ਸਿੰਘ ਬਾਰੇ ਸਰਕਾਰ ਨੂੰ ਭੇਜੀ ਰਿਪੋਰਟ ਵਿੱਚ ਦਰਜ ਕੀਤਾ," ਦ ਬੈਂਸਟ ਸਿੰਗਲ ਕੈਨੇਡੀਅਨ ਇੰਟੈਲੀਜੈਂਸ ਏਸੈਟ ਇੰਨ ਥੀਏਟਰ"।



ਕੈਨੇਡਾ ਦੇਸ਼ ਪ੍ਰਤਿ ਮਾਣਮੱਤੀਆਂ ਸੇਵਾਵਾਂ ਬਦਲੇ ਉਸ ਸਰਕਾਰ ਨੇ ਸ. ਹਰਜੀਤ ਸਿੰਘ ਸੱਜਣ ਨੂੰ ਦਰਜਣਾ ਤਮਗਿਆਂ ਅਤੇ ਸਨਮਾਨ ਪੱਤਰਾਂ ਨਾਲ ਨਿਵਾਜਿਆ ਜਿਨ੍ਹਾਂ ਵਿੱਚੋਂ ਮਹੱਤਵਪੂਰਨ ਹਨ; ਮੈਰੀਟੋਰੀਅਸ ਸੇਵਾ ਮੈਡਲ, ਕੈਨੇਡੀਅਨ ਪੀਸਕੀਪਿੰਗ ਸਰਵਿਸ ਮੈਡਲ, ਆਰਡਰ ਆਫ ਮਿਲਟਰੀ ਮੈਰਿਟ ਐਵਾਰਡ ਅਤੇ ਕੁਈਨ ਐਲੀਜ਼ਾਬੈਥ ਗੋਲਡਨ ਜੁਬਲੀ ਮੈਡਲ।ਉਸ ਨੂੰ ਬ੍ਰਿਟਿਸ਼ ਕੋਲੰਬੀਆ ਦੇ ਲੈਫਟੀਨੈਂਟ ਗਵਰਨਰ ਦੇ ਏਡੀ-ਡੇ-ਕੈਂਪ ਵਜੋਂ ਕੰਮ ਕਰਨ ਦਾ ਮਾਣ ਵੀ ਪ੍ਰਾਪਤ ਹੋਇਆ। ਸਾਲ 2009 ਅਤੇ 2010 ਵਿੱਚ ਆਪ ਅਫਨਾਨਿਸਤਾਨ ਵਿੱਚ ਅਮਰੀਕਨ ਫੌਜਾਂ ਦੇ ਕਮਾਂਡਰ ਦੇ ਸਪੈਸ਼ਲ ਅਸਿਸਟੈਂਟ ਬਣੇ ।ਕੈਨੇਡੀਅਨ ਆਰਮੀ ਰਿਜ਼ਰਵ ਰੈਜਮੈਂਟ ਦੀ ਕਮਾਂਡ ਕਰਨ ਵਾਲੇ ਉਹ ਪਹਿਲੇ ਸਿੱਖ ਫੌਜੀ ਅਫਸਰ ਸਨ।ਨੌਕਰੀ ਛੱਡਣ ਉਪਰੰਤ ਸ. ਸੱਜਣ ਨੇ ਕੈਨੇਡੀਅਨ ਅਤੇ ਅਮਰੀਕਨ ਸੈਨਾਵਾਂ ਨੂੰ ਇੰਟੈਲੀਜੈਂਸ ਟੈਕਨੀਕ ਸਿਖਾਉਣ ਦੇ ਮਾਹਿਰ ਅਤੇ ਯੂ.ਐੱਸ.ਪਾਲਿਸੀ ਐਨਾਲਿਸਟ ਵਜੋਂ ਵੀ ਕੰਮ ਕੀਤਾ।

ਆਪ ਆਪਣੀ ਸਾਦਗੀ ,ਨੇਕਨੀਯਤੀ ਅਤੇ ਮਾਨਵੀ ਸੁਭਾ ਕਾਰਨ ਆਮ ਲੋਕਾਂ ਵਿੱਚ ਵੀ ਹਰਮਨ ਪਿਆਰੇ ਹਨ ਜਿਸ ਸਦਕਾ ਆਪ 2015 ਦੀਆਂ ਕੈਨੇਡੀਅਨ ਫੈਡਰਲ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਟਿਕਟ 'ਤੇ ਰਿਕਾਰਡ 48.81% ਵੋਟਾਂ ਹਾਸਲ ਕਰਕੇ ਮੈਂਬਰ ਆਫ਼ ਪਾਰਲੀਮੈਂਟ ਚੁਣੇ ਗਏ ਹਨ।ਇਹ ਸ.ਹਰਜੀਤ ਸਿੰਘ ਸੱਜਣ ਦੀ ਯੋਗਤਾ ਦਾ ਹੀ ਨਤੀਜਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਨ੍ਹਾਂ ਨੂੰ ਆਪਣੇ ਮੰਤਰੀ ਮੰਡਲ ਵਿੱਚ ਮਨਿਸਟਰ ਆਫ਼ ਨੈਸ਼ਨਲ ਡਿਫੈਂਸ ਵਰਗੀ ਅਹਿਮ ਜਿੰਮੇਵਾਰੀ ਸੌਂਪੀ ਹੈ ਜਿਸ ਨੂੰ ਉਹ

ਪੂਰੀ ਸੁਹਿਰਦਤਾ ਨਾਲ ਨਿਭਾ ਰਹੇ ਹਨ ਜਿਸ ਦਾ ਪ੍ਰਤੱਖ ਸਬੂਤ ਉਨ੍ਹਾਂ ਦੀ ਭਾਰਤ ਫੇਰੀ ਹੈ।

ਸ.ਹਰਜੀਤ ਸਿੰਘ ਸੱਜਣ ਦੀ ਸਫਲਤਾ ਦਾ ਵੱਡਾ ਕਾਰਨ ਉਨ੍ਹਾਂ ਦੀ ਅੰਦਰਲੀ ਮਜ਼ਬੂਤੀ ਹੈ।ਉਨ੍ਹਾਂ ਅੰਦਰ ਅੰਤਾਂ ਦਾ ਸਵੈਵਿਸ਼ਵਾਸ ਅਤੇ ਦ੍ਰਿੜ੍ਹਤਾ ਹੈ।ਉਹ ਵੱਡੇ ਤੋਂ ਵੱਡੇ ਵਿਅਕਤੀ ਨੂੰ ਆਪਣੀ ਗੱਲ ਮਨਵਾਉਣ ਦੀ ਸਮਰਥਾ ਰਖਦੇ ਹਨ ਅਤੇ ਛੋਟੇ ਤੋਂ ਛੋਟੇ ਨਾਲ ਸਾਂਝ ਪਾਉਣ ਦਾ ਜਿਗਰਾ ਰਖਦੇ ਹਨ।ਉਨ੍ਹਾਂ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਅਹਿਮ ਅਤੇ ਵੰਗਾਰਭਰੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਆਪਣੀ ਵਿਲੱਖਣ ਸਿੱਖੀ ਪਹਿਚਾਣ ਨੂੰ ਕਾਇਮ ਰੱਖਿਆ ਹੈ।ਜਦੋਂ ਉਨ੍ਹਾਂ ਨੂੰ ਕੈਨੇਡਾ ਦੀਆਂ ਸੁਰੱਖਿਆ ਸੇਵਾਵਾਂ ਵਿੱਚ ਕੰਮ ਕਰਦਿਆਂ ਮਾਸਕ ਪਹਿਨਣ ਦੀ ਮਜ਼ਬੂਰੀ ਦਾ ਸਾਹਮਣਾ ਕਰਨਾ ਪਿਆ ਤਾਂ ਆਪਣੀ ਦਾਹੜੀ ਦੇ ਕੇਸਾਂ ਨੂੰ ਕਿਸੇ ਪ੍ਰਕਾਰ ਦੇ ਨੁਕਸਾਨ ਤੋਂ ਬਚਾਉਣ ਲਈ ਉਨ੍ਹਾਂ ਨੇ ਇੱਕ ਨਵੇਂ ਪ੍ਰਕਾਰ ਦਾ ਮਾਸਕ ਤਿਆਰ ਕਰਕੇ ਸਰਕਾਰ ਤੋਂ ਮੰਜ਼ੂਰ ਕਰਵਾਇਆ।ਭਾਰਤ ਵਿੱਚ ਪਹਿਲੇ ਹੀ ਦਿਨ ਪ੍ਰੈਸ ਕਨਫਰੈਂਸ ਸਮੇ ਉਨ੍ਹਾਂ ਨੇ ਸਾਰਿਆਂ ਨੂੰ 'ਸਤਿ ਸ਼੍ਰੀ ਅਕਾਲ' ਬੁਲਾ ਕੇ ਸ਼ੁਰੂਆਤ ਕੀਤੀ।ਉਹ ਆਪਣੇ ਨਿਜੀ ਪ੍ਰੋਗਰਾਮ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਇੱਕ ਨਿਮਾਣੇ ਸਿੱਖ ਵਜੋਂ ਨਤਮਸਤਕ ਹੋਏ ਅਤੇ ਹਰ ਪ੍ਰਕਾਰ ਦੀ ਸਿੱਖੀ ਮਰਯਾਦਾ ਦੀ ਪਾਲਣਾ ਕੀਤੀ।ਉਨ੍ਹਾਂ ਨੇ ਪੂਰੇ ਗੁਰਸਿੱਖ ਵਾਂਗ ਖੜ੍ਹੇ ਹੋ ਕੇ ਅਰਦਾਸ ਵਿੱਚ ਸ਼ਾਮਲ ਹੋਏ,ਪੂਰੀ ਨਿਸ਼ਚਾ ਨਾਲ ਮੁੱਖ ਵਾਕ ਸੁਣਿਆ, ਕੀਰਤਨ ਸ਼੍ਰਵਣ ਕੀਤੇ, ਦੇਗ ਕਰਵਾਈ ਅਤੇ ਪ੍ਰਸ਼ਾਦ ਲਿਆ।ਫਿਰ ਆਪ ਨੇ ਅਕਾਲ ਤਖਤ ਵਿੱਚ ਮੱਥਾ ਟੇਕਿਆ।ਇਸ ਬਾਰੇ ਉਨ੍ਹਾਂ ਦਾ ਕਹਿਣਾ ਸੀ,"ਹਰਿਮੰਦਰ ਸਾਹਿਬ ਅੰਮ੍ਰਿਤਸਰ ਨਾਲ ਮੇਰੀ ਬਹੁਤ ਭਾਵਨਾਤਮਕ ਤੇ ਖਾਸ ਸਾਂਝ ਹੈ।ਉੱਥੇ ਨਤਮਸਤਕ ਹੋ ਕੇ ਮੇਰੀ ਮਗਰਲੇ ਕਾਫ਼ੀ ਸਮੇਂ ਤੋਂ ਚੱਲ ਰਹੀ ਇੱਛਾ ਪੂਰੀ ਹੋਈ ਹੈ।"

ਸ. ਹਰਜੀਤ ਸਿੰਘ ਵਿੱਚ ਮਨੁੱਖੀ ਦਰਦ ਅਤੇ ਪਿਆਰ ਕੁੱਟ ਕੁੱਟ ਕੇ ਭਰਿਆ ਹੋਇਆ ਹੈ।ਉਹ ਪਿੰਗਲਵਾੜਾ ਮਾਨਾਂਵਾਲਾ(ਅੰਮ੍ਰਿਤਸਰ) ਗਏ ਜਿੱਥੇ ਉਨ੍ਹਾਂ ਨੇ ਭਗਤ ਪੂਰਨ ਸਿੰਘ ਆਦਰਸ਼ ਸਕੂਲ,ਵਿਸ਼ੇਸ਼ ਲੋੜਾਂ ਵਾਲੇ (ਅਪੰਗ) ਬੱਚਿਆਂ ਦੇ ਵਾਰਡ ਅਤੇ ਬਨਾਉਟੀ ਅੰਗ ਕੇਂਦਰ ਦਾ ਦੌਰਾ ਕੀਤਾ। ਉਹ ਅਪੰਗ ਬੱਚਿਆਂ ਨੂੰ ਬੜੇ ਸਨੇਹ ਅਤੇ ਹਮਦਰਦੀ ਭਰੇ ਲਹਿਜੇ ਨਾਲ ਮਿਲੇ। ਉਨ੍ਹਾਂ ਨੇ ਪਿੰਗਲਵਾੜਾ ਦੀ ਮੁਖੀ ਡਾ. ਇੰਦਰਜੀਤ ਕੌਰ ਨੂੰ ਮਨੁੱਖੀ ਸੇਵਾ ਦੇ ਖੇਤਰ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਲਈ ਵਿਸ਼ੇਸ਼ ਸਨਮਾਨ ਪੱਤਰ ਦਿੱਤਾ ਅਤੇ ਸੰਸਥਾ ਨੂੰ ਆਪਣੀ ਜੇਬ੍ਹ 'ਚੋਂ ਪੰਜਾਹ ਹਜ਼ਾਰ ਰੁਪਏ ਦੀ ਆਰਥਿਕ ਮਦਦ ਵੀ ਦਿੱਤੀ।ਕੈਨੇਡੀਅਨ ਰੱਖਿਆ ਮੰਤਰੀ ਨੇ ਦੋ ਘੰਟੇ ਤੋਂ ਵੱਧ ਸਮਾਂ ਜਲੰਧਰ ਵਿਖੇ ਯੂਨੀਕ ਹੋਮ ਵਿੱਚ ਅਨਾਥ ਬੱਚੀਆਂ ਨਾਲ ਬਿਤਾਇਆ ਜਿੱਥੇ ਉਹ ਘਾਹ ਦੇ ਮੈਦਾਨ ਵਿੱਚ ਨੰਨ੍ਹੇ ਬੱਚਿਆਂ ਨਾਲ ਛੂਹ-ਛੁਆਈ ਖੇਡਦੇ ਰਹੇ ।ਜਦੋਂ ਉਨ੍ਹਾਂ ਨੂੰ ਇੱਕ ਅਜਿਹੀ ਬੱਚੀ ਨਾਲ ਮਿਲਾਇਆ ਗਿਆ ਜਿਸ ਦੇ ਮਾਂਬਾਪ ਉਸ ਨੂੰ ਖੂਹ ਵਿੱਚ ਸੁੱਟ ਗਏ ਸਨ ਤਾਂ ਉਹ ਭਾਵੁਕ ਹੋ ਉੱਠੇ।ਅਸਲ ਵਿੱਚ ਇਹ ਖਬਰ ਪੜ੍ਹ ਕੇ ਹੀ ਸ਼੍ਰੀ ਸੱਜਣ ਨੇ ਇਸ ਸੰਸਥਾ ਵਿੱਚ ਆਉਣ ਦਾ ਮਨ ਬਣਾਇਆ ਸੀ।ਬੱਚਿਆਂ ਨੇ ਉਨ੍ਹਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ ਅਤੇ ਭਰੂਣ ਹੱਤਿਆ ਦਾ ਗੀਤ ਪੇਸ਼ ਕੀਤਾ।ਉਨ੍ਹਾਂ ਨੇ ਯੂਨੀਕ ਹੋਮ ਦੀ ਦੇਖਰੇਖ ਵਿੱਚ ਉੱਚ ਸਿੱਖਿਆ ਪ੍ਰਾਪਤ ਕਰ ਰਹੀ ਇੱਕ ਅਧਿਆਪਕਾ ਦੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਇੱਕ ਅਜਿਹਾ ਮੈਡਲ ਦੇ ਕੇ ਸਨਮਾਨਿਤ ਕੀਤਾ ਜਿਸ ਨੂੰ ਦਿਖਾ ਕੇ ਉਹ ਕਦੇ ਵੀ ਕੈਨੇਡਾ ਜਾ ਸਕਦੀ ਹੈ।ਉਨ੍ਹਾਂ ਨੇ ਇਸ ਕੇਂਦਰ ਦੀ ਮੁਖੀ ਨੂੰ ਵੀ ਕੈਨੇਡਾ ਸਰਕਾਰ ਵਲੋਂ ਪ੍ਰਸ਼ੰਸਾ ਪੱਤਰ ਦਿੱਤਾ ਅਤੇ ਬੱਚੀਆਂ ਦੀ ਭਲਾਈ ਲਈ ਆਪਣੀ ਤਨਖਾਹ ਵਿੱਚੋਂ ਪੰਜਾਹ ਹਜ਼ਾਰ ਰੁਪਏ ਦੀ ਵਿਤੀ ਸਹਾਇਤਾ ਦਿੱਤੀ।

ਸ.ਹਰਜੀਤ ਸਿੰਘ ਨੇ ਭਾਵੇਂ ਚਾਲੀ ਸਾਲ ਤੋਂ ਵੱਧ ਸਮਾਂ ਕੈਨੇਡਾ ਵਿੱਚ ਬਿਤਾਇਆ ਹੈ ਪ੍ਰੰਤੂ ਫਿਰ ਵੀ ਪੰਜਾਬ ਪ੍ਰਤਿ ਪਿਆਰ ਨਾਲ ਭਰੇ ਪਏ ਹਨ।ਉਨ੍ਹਾਂ ਨੇ ਭਾਰਤ ਦੇ ਰੱਖਿਆ ਮੰਤਰੀ ਨਾਲ ਪਹਿਲੀ ਮੁਲਾਕਾਤ ਦੌਰਾਨ ਹੀ ਬੜੇ ਮਾਣ ਨਾਲ ਕਿਹਾ,"ਪੰਜਾਬ ਵਿੱਚ ਮੇਰੀਆਂ ਜੜ੍ਹਾਂ ਹਨ ਜਿਨ੍ਹਾਂ ਤੋਂ ਕੋਈ ਮੈਨੂੰ ਵੱਖ ਨਹੀਂ ਕਰ ਸਕਦਾ ਅਤੇ ਨਾ ਹੀ ਮੈਨੂੰ ਕੋਈ ਮੇਰੇ ਘਰ ਅਤੇ ਪੰਜਾਬੀ ਪਛਾਣ ਤੋਂ ਵੱਖ ਕਰ ਸਕਦਾ ਹੈ।...ਲੰਮਾ ਸਮਾਂ ਫੌਜੀ ਮੁਹਿੰਮਾਂ ਵਿੱਚ ਵਿਅਸਤ ਰਹਿਣ ਕਾਰਨ ਮੈਂ ਪੰਜਾਬ ਨਹੀਂ ਆ ਸਕਿਆ ਸੀ ਜਿਸ ਲਈ ਮੈਂ ਕਾਫੀ ਸਮੇਂ ਤੋਂ ਉਤਾਵਲਾ ਵੀ ਸੀ।" ਕੈਨੇਡਾ ਦੇ ਪੰਜਾਬੀਆਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੇ ਕਿਹਾ,"ਪੰਜਾਬੀ ਮਿਹਨਤਕੁਸ਼ ਹਨ ਅਤੇ ਉਨ੍ਹਾਂ ਨੂੰ ਸਵੇਰੇ ਜਲਦੀ ਉੱਠਣ ਦੀ ਆਦਤ ਪਈ ਹੋਈ ਹੈ ਜਿਸ ਕਾਰਨ ਕੈਨੇਡਾ ਵਿੱਚ ਜਾ ਕੇ ਪਹਿਲਾਂ ਬੇਰ ਤੋੜਨ ਵਾਲੇ ਵੀ ਹੁਣ ਫਾਰਮ ਹਾਊਸਾਂ ਦੇ ਮਾਲਕ ਬਣੇ ਹੋਏ ਹਨ।"

ਤਰੱਕੀ ਦੀਆਂ ਬੁਲੰਦੀਆਂ ਛੋਹਣ ਦੇ ਬਾਵਜੂਦ ਸ. ਹਰਜੀਤ ਸਿੰਘ ਸੱਜਣ ਨੇ ਆਪਣੇ ਪਛੋਕੜ ਨੂੰ ਕੇਵਲ ਯਾਦ ਹੀ ਨਹੀਂ ਰੱਖਿਆ ਬਲਕਿ ਉਸ 'ਤੇ ਮਾਣ ਕਰਦੇ ਹਨ।ਉਨ੍ਹਾਂ ਨੇ ਭਾਵੁਕ ਹੁੰਦਿਆਂ ਆਖਿਆ," ਮੈਨੂੰ ਆਪਣੇ ਪਛੋਕੜ,ਵਿਰਸੇ ਅਤੇ ਸੱਭਿਆਚਾਰ 'ਤੇ ਮਾਣ ਹੈ।ਮੈਂ ਸਾਰੇ ਪੰਜਾਬੀਆਂ ਨੂੰ ਦੱਸਣਾ ਚਾਹਾਂਗਾ ਕਿ ਮੈਂ ਕਿਵੇਂ ਇੱਕ ਪਿੰਡ ਤੋਂ ਉੱਠ ਕੇ ਮਿਹਨਤ ਤੇ ਲਗਨ ਨਾਲ ਅੱਜ ਇੱਥੋਂ ਤੱਕ ਪੁੱਜਿਆ ਹਾਂ।ਮੈਨੂੰ ਇੱਥੋਂ ਤੱਕ ਪਹੁੰਚਾਉਣ ਵਿੱਚ ਮੇਰੇ ਪਿੰਡ,ਪਰਿਵਾਰ ਤੇ ਸਮਾਜ ਤੋਂ ਮਿਲੀ ਸਿੱਖਿਆ ਦਾ ਅਹਿਮ ਰੋਲ ਹੈ।"ਇਨ੍ਹਾਂ ਪਿਆਰ ਦੀਆਂ ਤੰਦਾਂ ਨਾਲ ਖਿੱਚੇ ਉਹ ਆਪਣੇ ਪਿੰਡ ਆਏ,ਪਿੰਡ ਦੇ ਗੁਰੂਦੁਆਰੇ ਮੱਥਾ ਟੇਕਿਆ,ਰਾਤ ਤਾਰਿਆਂ ਦੀ ਛਾਂ ਹੇਠ ਸੁੱਤੇ ਅਤੇ ਆਪਣੇ ਪਿੰਡ ਦੇ ਪੁਰਾਣੇ ਖੂਹਾਂ ਨੂੰ ਦੇਖ ਕੇ ਯਾਦਾਂ ਤਾਜ਼ੀਆਂ ਕੀਤੀਆਂ।ਉਹ ਆਪਣੀ ਪਦਵੀ ਅਤੇ ਹੈਸੀਅਤ ਨੂੰ ਭੁੱਲ ਕੇ ਪਿੰਡ ਦੇ ਲੋਕਾਂ ਨੂੰ ਗਲੇ ਲੱਗ ਕੇ ਮਿਲੇ।ਉਹ ਇੱਥੇ ਆ ਕੇ ਇੰਨੇ ਖੁਸ਼ ਹੋ ਗਏ ਕਿ ਆਪਣੇ ਸੁਰੱਖਿਆ ਅਧਿਕਾਰੀਆਂ

ਨੂੰ ਆਪ ਪ੍ਰਸ਼ਾਦਾ ਛਕਾਇਆ।ਉਨ੍ਹਾਂ ਇੱਕ ਇੰਟਰਵਿਊ ਵਿੱਚ ਦੱਸਿਆ, "ਪਿੰਡ ਦੀ ਇਸ ਫੇਰੀ ਨੇ ਮੇਰੀਆਂ ਅੰਬਾਂ ਦੇ ਬਾਗਾਂ ਸਬੰਧੀ ਖੁਸ਼ਗਵਾਰ ਯਾਦਾਂ ਵੀ ਤਾਜ਼ਾ ਕਰ ਦਿੱਤੀਆਂ ਹਨ ਪਰ ਸੁਰੱਖਿਆ ਦੀ ਮਜ਼ਬੂਰੀ ਕਾਰਨ ਖੇਤਾਂ ਵਿੱਚ ਜਾ ਕੇ ਮੋਰ ਦੇਖਣ ਤੋਂ ਵਾਂਝਾ ਰਿਹਾ ਹਾਂ"।

ਸ.ਹਰਜੀਤ ਸਿੰਘ ਆਪਣੇ ਦੇਸ਼ ਪ੍ਰਤਿ ਸਮਰਪਤ ਅਤੇ ਆਪਣੇ ਫ਼ਰਜ਼ਾਂ ਬਾਰੇ ਚੌਕਸ ਹਨ।ਉਨ੍ਹਾਂ ਨੂੰ ਕੇਨੇਡਾ ਦੇ ਹਰ ਪ੍ਰਕਾਰ ਦੇ ਨਿਯਮ ਦੀ ਪੂਰੀ ਮੁਹਾਰਤ ਹੈ।ਆਪਣੀ ਭਾਰਤ ਫੇਰੀ ਦੌਰਾਨ ਉਨ੍ਹਾਂ ਨੇ ਕੈਨੇਡਾ ਅਤੇ ਟਰੂਡੋ ਸਰਕਾਰ ਦੀ ਪੂਰੀ ਠੁੱਕ ਬਣਾਈ।ਇੱਕ ਹੰਢੇ ਹੋਏ ਰਾਜਨੀਤਿਕ ਆਗੂ ਅਤੇ ਡਿਪਲੋਮੈਟ ਵਾਂਗ ਉਨ੍ਹਾਂ ਨੇ ਪ੍ਰਸ਼ਨਾਂ ਦਾ ਉੱਤਰ ਪੂਰੇ ਵਿਸ਼ਵਾਸ ਨਾਲ ਦਿੰਦਿਆਂ ਸਪਸ਼ਟ ਕੀਤਾ,"ਕੈਨੇਡਾ ਵਿੱਚ ਪੰਜਾਬੀਆਂ ਸਮੇਤ ਸਾਰੀਆਂ ਦੂਜੀਆਂ ਘੱਟ ਗਿਣਤੀਆਂ ਨੂੰ ਆਪਣੀ ਪਛਾਣ ਕਾਇਮ ਰੱਖਣ ਸਬੰਧੀ ਉਤਸ਼ਾਹਿਤ ਕੀਤਾ ਜਾਂਦਾ ਹੈ...ਅਤੇ ਸਾਰੇ ਸੱਭਿਆਚਾਰਾਂ ਨੂੰ ਵਧਣ ਫੁੱਲਣ ਲਈ ਬਰਾਬਰ ਦੇ ਮੌਕੇ ਮਿਲਦੇ ਹਨ।"ਆਪਣੇ ਦੇਸ਼ ਦੀ ਇਮੀਗ੍ਰੇਸ਼ਨ ਪਾਲਿਸੀ ਬਾਰੇ ਉਨ੍ਹਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਦੱਸਿਆ,"ਕੈਨੇਡਾ ਦਾ ਮੌਜੂਦਾ(ਇਮੀਗ੍ਰੇਸ਼ਨ) ਕਾਨੂੰਨਾਂ ਨੂੰ ਸਖ਼ਤ ਕਰਨ ਦਾ ਕੋਈ ਵਿਚਾਰ ਨਹੀਂ ਹੈ।ਕੈਨੇਡਾ ਨੇ ਤਾਂ ਹੁਣੇ ਹੀ ਸੀਰੀਆ ਤੋਂ 40 ਹਜ਼ਾਰ ਸ਼ਰਨਾਰਥੀਆਂ ਨੂੰ ਪ੍ਰਵਾਨ ਕੀਤਾ ਹੈ।ਕੈਨੇਡਾ ਨੂੰ ਤਾਂ ਪ੍ਰਵਾਸੀਆਂ ਦੇ ਦੇਸ਼ ਵਜੋਂ ਹੀ ਜਾਣਿਆ ਜਾਂਦਾ ਹੈ।...ਕੈਨੇਡਾ ਅਤੇ ਭਾਰਤ ਦਰਮਿਆਨ ਵਪਾਰ ਅਤੇ ਅਦਾਨ ਪ੍ਰਦਾਨ ਮਗਰਲੇ ਸਮੇ ਦੌਰਾਨ ਕਾਫ਼ੀ ਵਧਿਆ ਹੈ ਅਤੇ ਅਜੇ ਵੀ ਇਸ ਵਿੱਚ ਹੋਰ ਵਾਧੇ ਦੀ ਗੁੰਜ਼ਾਇਸ਼ ਹੈ।...ਕੈਨੇਡਾ ਤੇ ਪੰਜਾਬ ਅਜਿਹੇ ਖੇਤਰਾਂ ਦੀ ਪਹਿਚਾਣ ਕਰ ਸਕਦੇ ਹਨ ਜਿਨ੍ਹਾਂ ਸਬੰਧੀ ਪੰਜਾਬ ਵਿੱਚ ਪੂੰਜੀ ਨਿਵੇਸ਼ ਦੀ ਸੰਭਾਵਨਾ ਹੈ।ਕੈਨੇਡੀਅਨ ਪੰਜਾਬੀ ਇਸ ਵਿੱਚ ਵੱਡੇ ਮਦਦਗਾਰ ਬਣ ਸਕਦੇ ਹਨ।"

ਸ. ਹਰਜੀਤ ਸਿੰਘ ਸੱਜਣ ਨੇ ਆਪਣੇ ਅਹੁਦੇ ਦੀ ਮਾਣ ਮਰਯਾਦਾ ਨੂੰ ਵੀ ਕਾਇਮ ਰੱਖਿਆ ਅਤੇ ਬੜੀ ਸਮਝਦਾਰੀ ਨਾਲ ਨੀਵੇਂ ਪੱਧਰ ਦੀ ਬਿਆਨਬਾਜ਼ੀ ਤੋਂ ਗੁਰੇਜ਼ ਕੀਤਾ।ਉਨ੍ਹਾਂ ਨੂੰ ਖਾਲਿਸਤਾਨੀ ਸਮਰਥਕ ਕਹਿਣ ਵਾਲਿਆਂ ਨੂੰ ਵੀ ਉਨ੍ਹਾਂ ਦਾ ਬਹੁਤ ਹੀ ਢੁਕਵਾਂ ਜਵਾਬ ਸੀ," ਮੈਂ ਸਿਆਸੀ ਨੁਕਤਾਚੀਨੀ ਦੀ ਦਲਦਲ ਵਿੱਚ ਨਹੀਂ ਜਾਣਾ ਚਾਹੁੰਦਾ ।ਮੇਰਾ ਕੰਮ ਹੀ ਮੇਰੀ ਪਛਾਣ ਹੈ।ਜ਼ਿੰਦਗੀ 'ਚ ਮੇਰੇ 'ਤੇ ਕਈ ਦੋਸ਼ ਲਗਦੇ ਰਹੇ ਹਨ ਪਰ ਮੈਂ ਦੇਸ਼ ਤੋੜਨ 'ਚ ਨਹੀਂ,ਰਿਸ਼ਤੇ ਬਣਾਉਣ 'ਚ ਯਕੀਨ ਰਖਦਾ ਹਾਂ।"ਕਿਸੇ ਪ੍ਰਕਾਰ ਦੀ ਦੂਸ਼ਣਬਾਜ਼ੀ ਚੋਂ ਬਚਣ ਲਈ ਉਨ੍ਹਾਂ ਨੇ ਬੜੇ ਹੀ ਸਲੀਕੇ ਅਤੇ ਠਰ੍ਹਮੇ ਨਾਲ ਪੰਜਾਬ ਵਿੱਚ ਗਰਮਦਲੀ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਮਿਲਣ ਤੋਂ ਪਾਸਾ ਵੱਟੀ ਰੱਖਿਆ।ਚੰਡੀਗੜ੍ਹ ਵਿਖੇ ਨਵੇਂ ਕੈਨੇਡੀਅਨ ਕੌਂਸਲਖਾਨੇ ਦਾ ਉਦਘਾਟਨ ਕਰਦਿਆਂ ਉਨ੍ਹਾਂ ਨੇ ਆਖਿਆ," ਰਿਸ਼ਤੇ ਰਾਸ਼ਟਰ ਨਹੀਂ ਲੋਕ ਕਾਇਮ ਕਰਦੇ ਹਨ।"

ਉਨ੍ਹਾਂ ਨੇ ਇਸ ਫੇਰੀ ਸਮੇ ਆਪਣੇ ਦੇਸ਼ ਵਲੋਂ ਸੌਂਪੇ ਹਰ ਕਾਰਜ ਨੂੰ ਪੂਰੀ ਨਿਸ਼ਠਾ ਤੇ ਜ਼ਿੰਮੇਵਾਰੀ ਨਾਲ ਨੇਪਰੇ ਚਾੜ੍ਹਿਆ।ਹਰਿਆਣਾ ਦੇ ਮੁੱਖ ਮੰਤਰੀ ਨਾਲ ਉਨ੍ਹਾਂ ਨੇ ਹਵਾਬਾਜ਼ੀ,ਕੌਸ਼ਲ ਵਿਕਾਸ,ਸਿੱਖਿਆ ,ਰੱਖਿਆ ਤੇ ਸਮਾਰਟ ਸਿਟੀ ਖੇਤਰਾਂ ਵਿੱਚ ਨਿਵੇਸ਼ ਕਰਨ'ਚ ਰੁਚੀ ਵਿਖਾਈ।ਉਨ੍ਹਾਂ ਨੇ ਮੁੰਬਈ ਵਿਖੇ ਵੱਡੇ ਕਾਰੋਬਾਰੀ ਘਰਾਣਿਆਂ ਦੇ ਨੁਮਾਇੰਦਿਆਂ ਨੂੰ ਮਿਲ ਕੇ ਆਪਣੇ ਦੇਸ਼ ਦੀਆਂ ਪਹਿਲਤਾਵਾਂ ਪ੍ਰਗਟ ਕੀਤੀਆਂ।ਇੱਕ ਮਾਣਮੱਤੇ ਤੇ ਹੰਢੇ ਹੋਏ ਫ਼ੌਜੀ ਅਧਿਕਾਰੀ ਵਾਂਗ ਉਨ੍ਹਾਂ ਨੇ ਭਾਰਤ ਦੀਆਂ ਤਿੰਨਾਂ ਸੈਨਾਵਾਂ ਤੋਂ ਗਾਰਡ ਆਫ਼ ਆਨਰ ਲਿਆ ।ਆਪਣੀ ਵਾਪਸੀ ਸਮੇਂ ਉਨ੍ਹਾਂ ਮੁੰਬਈ ਵਿਖੇ ਪੱਛਮੀ ਜਲ ਸੈਨਾ ਕਮਾਂਡ ਦੇ ਸਦਰ ਮੁਕਾਮ ਦਾ ਦੌਰਾ ਕੀਤਾ ਜਿੱਥੇ ਉਹ ਵਾਇਸ ਐਡਮੀਰਲ ਗਿਰੀਸ਼ ਲੂਥਰਾ ਨੂੰ ਮਿਲੇ ਅਤੇ ਭਾਰਤ ਤੇ ਕੈਨੇਡਾ ਵਿਚਕਾਰ ਸਹਿਯੋਗ ਵਧਾਉਣ ਬਾਰੇ ਗੱਲਬਾਤ ਕੀਤੀ।ਉਹ ਆਈ.ਐਨ.ਐਸ. ਕੋਚੀ ਵੀ ਵੇਖਣ ਗਏ।

ਸ.ਹਰਜੀਤ ਸਿੰਘ ਸੱਜਣ ਨੂੰ 'ਆਪਣਾ' ਕਹਿਣ ਵਿੱਚ ਸਾਰੇ ਭਾਰਤੀ, ਪੰਜਾਬੀ ਅਤੇ ਸਿੱਖ ਮਾਣ ਮਹਿਸੂਸ ਕਰਦੇ ਹਨ।

❊ ❊ ❊ ❊ ❊

## ਜ਼ਰੂਰੀ ਸੂਚਨਾ

✶ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ ਹਰ ਸਾਲ ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ। ਜਿਸ ਲਈ ਨਿਰਧਾਰਿਤ ਫਾਰਮ ਵਿੱਚ ਬਿਨੈਪੱਤਰ ਲਏ ਜਾਂਦੇ ਹਨ। ਇਸ ਸਾਲ ਬਿਨੈਪੱਤਰ 31 ਅਗਸਤ 2017 ਤੱਕ ਸੈਣੀ ਭਵਨ ਦੇ ਦਫ਼ਤਰ ਵਿੱਚ ਲਏ ਜਾਣਗੇ। ਇਹ ਬਿਨੈਫਾਰਮ ਇਸ ਦਫਤਰ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਵਜ਼ੀਫਾ ਵੰਡ ਸਮਾਰੋਹ 7 ਅਕਤੂਬਰ ਨੂੰ ਹੋਵੇਗਾ।

✶ ਇਸ ਟਰੱਸਟ ਵਲੋਂ ਹਰ ਸਾਲ ਵਿਦਿਆਰਥੀਆਂ ਦੀਆਂ ਭਾਸ਼ਣ ਪ੍ਰਤਿਯੋਗਤਾਵਾਂ ਕਰਵਾਈਆਂ ਜਾਂਦੀਆਂ ਹਨ। ਇਸ ਸਾਲ ਇਹ ਭਾਸ਼ਣ ਪ੍ਰਤਿਯੋਗਤਾਵਾਂ 3 ਅਕਤੂਬਰ ਨੂੰ 2017 ਨੂੰ ਕਰਵਾਈਆਂ ਜਾਣਗੀਆਂ ਅਤੇ ਵਜ਼ੀਫਾ ਵੰਡ ਸਮਾਰੋਹ ਸਮੇਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ।

ਪੰਛੀ ਤਾਂ ਉਡ ਗਏ ਨੇ,
ਰੁੱਖ ਵੀ ਸਲਾਹਾਂ ਕਰਨ
ਚਲੋ ਏਥੋਂ ਚੱਲੀਏ ...................(ਸੁਰਜੀਤ ਪਾਤਰ)



ਕਲਮਬੱਧ ਯਾਦਾਂ

## ਡਾਚੀ ਦੀਆਂ ਟੱਲੀਆਂ

ਭੁਪਿੰਦਰ ਸਿੰਘ
ਆਈ.ਏ.ਐੱਸ. (ਰਿਟਾ.)

ਪੱਤਣਾਂ ਵੱਲ ਜਾਂਦੀ ਬੇੜੀ ਦੇ ਚੱਪੂਆਂ ਦੀ ਆਵਾਜ਼ ਹੋਵੇ ਭਾਵੇ ਮਾਹਲ ਦੁਆਲੇ ਘੁੰਮਦੀਆਂ ਟਿੰਡਾਂ ਚੋਂ ਵਗਦੇ ਪਾਣੀਆਂ ਦੀ ਸੰਗੀਤ ਮਈ ਗੁੰਜਾਰ ਤੇ ਭਾਵੇਂ ਰੇਤ-ਥਲਾਂ ਚੋਂ ਲੰਘਦੇ ਕਾਫਲੇ ਦੀਆਂ ਡਾਚੀਆਂ ਦੀਆਂ ਟੱਲੀਆਂ ਦੀ ਛਣਕਾਰ।ਇਹ ਪਤਵਾਰਾਂ ਦੀਆਂ ਆਵਾਜ਼ਾਂ ਤੇ ਟੱਲੀਆਂ ਦਾ ਕਾਇਨਾਤੀ ਸੰਗੀਤ ਕਦੀ ਮਰਦਾ ਨਹੀਂ।ਸਦੀਆਂ ਤੀਕ ਵੀ ਨਹੀਂ।

ਪੰਜਾਬ ਦੇ ਸਾਬਕਾ ਚੀਫ ਸੈਕਟਰੀ ਸ੍ਰੀ ਪੀ ਵੈਸ਼ਨਵ ਨੇ ਅੰਗਰੇਜ਼ ਰਾਜ ਦੀਆਂ ਕੁੱਝ ਯਾਦਾਂ ਕਲਮਬੱਧ ਕੀਤੀਆਂ ਜੋ 1947 ਦੇ ਅੰਦਰਵਾਰ ਵਾਪਰੀਆਂ ਲੱਗਦੀਆਂ।

********************

ਉਨ੍ਹਾਂ ਦਿਨਾਂ ਵਿੱਚ ਫਾਈਨੈਂਸਲ ਕਮਿਸ਼ਨਰ (ਮਾਲ) ਨੂੰ ਛੋਟੇ ਲਾਟ ਸਾਹਿਬ ਆਖਿਆ ਜਾਂਦਾ ਸੀ। ਐਫ.ਸੀ. ਸਾਹਿਬ ਨੇ ਮਾਲ ਰੋਡ ਤੇ ਸੈਰ ਕਰਦਿਆਂ ਇੱਕ ਕੇਲਿਆਂ ਦੀ ਰੇਹੜੀ ਵਾਲੇ ਤੋਂ ਕੇਲੇ ਦਾ ਭਾਅ ਪਤਾ ਕਰਾਇਆ। ਉਸ ਦੱਸਿਆ "ਸਾਢੇ ਤਿੰਨ ਆਨੇ ਦੇ ਦਰਜਨ"। ਵਿੱਤ ਕਮਿਸ਼ਨਰ ਨੇ ਆਉਂਦਿਆਂ ਹੀ ਕਮਿਸ਼ਨਰ ਨੂੰ ਚਿੱਠੀ ਦਾਗ਼ ਦਿੱਤੀ- "ਇਹ ਗੱਲ ਮੁਸੱਲਮਾਂ ਹੈ ਕਿ ਕੇਲਿਆਂ ਦਾ ਭਾਅ ਸਾਢੇ ਤਿੰਨ ਆਨੇ ਦਰਜਨ ਹੈ ਪਰ ਨਾਇਬ ਤਹਿਸੀਲਦਾਰ ਮੇਤੋਂ ਚਾਰ ਆਨੇ ਦਰਜਨ ਦੇ ਹਿਸਾਬ ਨਾਲ ਵਸੂਲਦਾ ਰਿਹਾ।ਉਸ ਦੀ ਖਿਚਾਈ ਕੀਤੀ ਜਾਵੇ।ਚਾਰ ਆਨੇ ਦਰਜਨ ਨਾਲ ਮੇਰੀ ਆਰਥਿਕਤਾ'ਤੇ ਬਹੁਤਾ ਪ੍ਰਭਾਵ ਨਹੀਂ ਪੈਂਦਾ ਪਰ ਨਾਇਬ ਤਹਿਸੀਲਦਾਰ ਨੂੰ ਸ਼ੁਰੂ ਸਰਵਿਸ ਵਿੱਚ ਹੀ ਰਿਸ਼ਵਤ ਖੋਰੀ ਦੀ ਭੈੜੀ ਲਤ ਲਗਣ ਦਾ ਅੰਦੇਸ਼ਾ ਹੈ।"

ਕਮਿਸ਼ਨਰ ਨੇ ਨਾਇਬ ਤਹਿਸੀਲਦਾਰ ਨੂੰ ਚਿੱਠੀ ਦਿਖਾਇਆਂ ਬਿਨਾਂ ਹੀ ਉਤਰ ਲਿਖਾ ਦਿੱਤਾ:-ਨਾਇਬ ਤਹਿਸੀਲਦਾਰ ਨਾਲ ਵਿਚਾਰ ਹੋਈ।ਅਸਲ ਵਿੱਚ ਕੇਲਾ ਛੇਤੀ ਗਲ ਜਾਣ ਵਾਲਾ ਫਲ ਹੈ।ਇਸ ਦੀ ਸਵੇਰ ਤੇ ਸ਼ਾਮ ਦੀ ਕੀਮਤ ਵਿੱਚ ਅੰਤਰ ਹੋਣਾ ਕੁਦਰਤੀ ਗੱਲ ਹੈ। ਹਜ਼ੂਰ ਲਈ ਕੇਲੇ ਸਵੇਰੇ ਖਰੀਦੇ ਜਾਂਦੇ ਸਨ।ਜਦੋਂ ਕਿ ਉਪਰੋਕਤ ਪੁਛ-ਗਿੱਛ ਹੋ ਸਕਦਾ ਹੈ ਸ਼ਾਮੀ ਕੀਤੀ ਗਈ ਹੋਵੇ।ਹੋਰ ਗੱਲ ਇਹ ਵੀ ਵਰਣਯੋਗ ਹੈ ਕਿ ਬੰਦੋਬਸਤੀ ਅਮਲਾ ਜਦੋਂ ਕੋਈ ਵਸਤੂ ਖਰੀਦੇ ਤਾਂ ਐਫ.ਸੀ.ਸਾਹਿਬ ਦੇ ਉਚੱਤਮ ਰੁਤਬੇ ਤੋਂ ਬੇ-ਬਹਿਰਾ ਨਹੀਂ ਹੁੰਦਾ।ਉਹ ਸਭ ਤੋਂ ਵਧੀਆ ਫੱਲ ਦੀ ਭਾਲ ਕਰਦਾ ਹੈ ਭਾਵੇਂ ਇੱਕ ਦੋ ਪੈਸੇ ਵਾਧੂ ਖਰਚਣੇ ਪੈਣ।"

ਛੋਟੇ ਲਾਟ ਸਾਹਿਬ ਨੇ ਵਾਪਸੀ ਡਾਕ ਖਿਮਾਂ ਦੀ ਚਿੱਠੀ ਲਿਖੀ- "ਨਾਇਬ ਤਹਿਲਦਾਰ ਦੇ ਦਿਲ ਦਿਮਾਗ਼'ਤੇ ਜੋ ਮੇਰੀ ਚਿੱਠੀ ਨਾਲ ਸੱਟ ਵੱਜੀ ਮੈਂ ਉਸ ਲਈ ਛੋਟਾਪਨ ਮਹਿਸੂਸ ਕਰਦਾਂ।ਅਸਲ ਵਿੱਚ ਅਜੇਹੀ ਚਿੱਠੀ ਜਾਰੀ ਕਰਨੋ ਪਹਿਲਾਂ ਮੈਨੂੰ ਮਾਰਕੀਟ ਸਬੰਧੀ ਪੂਰਾ ਗਿਆਨ ਹੋਣਾ ਚਾਹੀਦਾ ਸੀ।"

********************

ਗੱਲ ਚਾਲੀਆਂ ਦੇ ਸ਼ੁਰੂ ਦੀ ਐ।ਅੰਗਰੇਜ਼ ਅਫਸਰਾਂ ਦੇ ਖੁੱਡੇ ਲਾਈਨ, ਮੁਲਤਾਨ ਡਵੀਜ਼ਨ ਦੀ।ਮੁਲਤਾਨ ਪੰਜਾਬ ਦਾ ਅਤਿ ਗਰਮ ਮੰਡਲ।ਕਰਬਲਾ ਦਾ ਜਿਵੇਂ ਮੈਦਾਨ।ਗਰਮ ਲੂਆਂ ਚਲਦੀਆਂ ਤੇ ਨਾਲ ਕਾਲੀਆਂ ਬੋਲੀਆਂ ਹਨੇਰੀਆਂ ਵੀ। ਸੂਰਜ ਦਾ ਤਪ ਤੇਜ਼ ਝਲਦੀ ਮਿੱਟੀ ਵੀ ਭੂਰੇ ਕਾਲੇ ਰੰਗ ਦੀ। ਅੰਗਰੇਜ਼ਾਂ ਦੇ ਦੁੱਧ-ਚਿੱਟੇ ਚਿਹਰੇ ਤਾਂਬੇ ਰੰਗੇ ਹੋ ਜਾਂਦੇ।ਕਈ ਅਫਸਰ ਤਾਂ ਇਸ ਕੁਠਾਲੀ ਚੋਂ ਖਾਲਸ ਸੋਨਾ ਹੋ ਨਿਤਰਦੇ।ਕੁੰਦਨ ਜਿਹੇ ਚਮਕਦਾਰ,ਤੇ ਫੇਰ ਲੋਕ ਸੇਵਾ ਵਿੱਚ ਜੁੱਟ ਜਾਂਦੇ।ਕਈ ਹੋਰ ਗੁੱਸੇ-ਖੋਰੇ ਹੋ ਜਾਂਦੇ ਤੇ ਸਿਖਣ ਸਿਖਾਉਣ ਦਾ ਚਾਅ ਵੀ ਮੰਦਾ ਪੈ ਜਾਂਦਾ।

ਇੱਕ ਅਜਿਹੇ ਅਫਸਰ ਨੂੰ ਮੁਲਤਾਨ ਡਵੀਜ਼ਨ ਦਾ ਡੀ.ਆਈ.ਜੀ. ਲਾ ਦਿੱਤਾ। ਇਸ ਅਫਸਰ ਨੂੰ ਨਾ ਪੰਜਾਬੀ ਆਉਂਦੀ ਸੀ ਨਾ ਪਸ਼ਤੋ। ਨਾ ਬੋਲ ਸਕੇ ਨਾ ਸਮਝ ਸਕੇ। ਗਰਮੀ ਬਹੁਤ ਮਨਾਉਣ। ਦਫਤਰ ਨਾਲ ਦੇ ਇਸ਼ਨਾਨ ਕਮਰੇ ਵਿੱਚ ਦਿਹਾੜੀ ਦਾ ਅੱਠ -ਦਸ ਵਾਰੀ ਨਹਾਉਂਦਾ ਤੇ ਫੇਰ ਨੰਗਾ ਹੀ ਬੈਠਾ ਰਹਿੰਦਾ। ਤੇੜ ਕੇਵਲ ਤੌਲੀਆ।ਪਿੰਡਾਂ ਤੋਂ ਚੌਧਰੀ ਤੇ ਮਰਦ ਮਾਹਣੂ ਆਉਂਦੇ । ਆਪਣੇ ਪਿੰਡਾਂ ਵਿੱਚ ਹੋਈਆਂ ਚੋਰੀਆਂ ਬਾਰੇ ਦੱਸਦੇ।ਉਹ ਆਪਣੇ ਦੁਆਲੇ ਲਪੇਟੇ ਤੌਲੀਏ ਦੀ ਝੱਲ ਮਾਰਦਾ ਤੇ ਮੇਜ਼ ਤੇ ਲਿਖੇ ਪਲੈਕਾਰਡ ਵੱਲ ਇਸ਼ਾਰਾ ਕਰਦਾ। ਐੱਸ.ਪੀ. ਨੂੰ ਮਿਲੋ। ਜੇ ਕੋਈ ਆਪਣੇ ਪਿੰਡ ਹੋਏ ਡਾਂਗ -ਸੋਟੇ ਬਾਰੇ ਗੱਲ ਕਰਦੇ। ਡੀ.ਆਈ.ਜੀ. ਦਾ ਉਹੋ ਈ ਪ੍ਰਤੀ ਕਰਮ।ਉਸ ਦਾ ਵਿਚਾਰ ਸੀ ਕਿ ਅਫ਼ਸਰਾਂ ਦੇ ਦੋਈ ਕੰਮ ਸਨ।ਕਾਨੂੰਨ ਵਿਵਸਥਾ ਦੀ ਕਾਇਮੀ ਅਤੇ ਮਾਲੀਏ ਦੀ ਪੂਰੇ ਖਲੂਸ ਨਾਲ ਉਗਰਾਹੀ ਬਸ।

ਜੇ ਕਿਸੇ ਨੰਬਰਦਾਰ ਜਾਂ ਸਫ਼ੇਦ ਪੋਸ਼ ਨੇ ਆ ਕੇ ਦੱਸਿਆ ਕਿ ਫਲਾਣੇ ਪਿੰਡ ਵਿੱਚ ਮਾਲੀਆ ਵਸੂਲਣ ਗਈ ਟੋਲੀ ਤੇ ਕਿਸੇ ਨੇ ਹੱਲਾ ਬੋਲ ਦਿੱਤਾ ਜਾਂ ਢਮਕਾਣੇ ਪਿੰਡ ਕਿਸੇ ਥਾਣੇਦਾਰ ਦੀ ਪਗੜੀ ਲੱਥ ਗਈ ਤਾਂ ਉਹ ਪੂਰੇ ਜਲਾਲੇ-ਅਕਬਰੀ ਵਿੱਚ ਆ ਜਾਂਦਾ। ਅੱਖਾਂ ਲਾਲ ਸੂਹੀਆਂ। ਦੇਹ ਗੁੱਸੇ ਨਾਲ ਕੰਬਦੀ। ਨਾਗ ਵਾਂਗ ਫੁੰਕਾਰੇ ਮਾਰਦੇ ਸਾਹ। ਫੇਰ ਮੇਜ਼ ਤੇ ਪਈ ਟੱਲੀ ਉਹ ਨਾ ਵਜਾਉਂਦਾ। ਬਾ-ਆਵਾਜ਼ ਬੁਲੰਦ ਆਪਣੇ ਰੀਡਰ ਨੂੰ ਹਾਕ ਮਾਰਦਾ। "ਮਿਲਖਾ-ਸਿੰਘ।"

"ਜੀ ਹਜ਼ੂਰ- ਮੇਰੇ ਅੰਨਦਾਤਾ।" ਉਹ ਵੀ ਉੱਨੀ ਹੀ ਉੱਚੀ ਆਵਾਜ਼ ਵਿੱਚ ਉਤਰ ਦਿੰਦਾ। ਬਟੇਰਾ ਜਿਵੇਂ ਬੁਲਾਰੇ ਲੱਗਾ ਹੋਵੇ। ਲਾਹੌਰ ਰਾਜਧਾਨੀ ਨਾਲ ਵੀ ਸ਼ਾਮ ਤੱਕ ਕੋਈ ਸੰਪਰਕ ਨਹੀਂ ਸੀ ਕਰਦਾ।

"ਐਸੀ.ਪੀ. ਕੋ ਬੁਲਾਓ" ਉਨ੍ਹਾਂ ਦਿਨਾਂ ਵਿੱਚ ਜ਼ਿਲ੍ਹਾ ਪੁਲੀਸ ਚੀਫ ਐਸ.ਪੀ. ਹੁੰਦਾ।"

"ਬਹੁਤ ਅੱਛਾ- ਮੇਰੀ ਸਰਕਾਰ।"

"ਹਮਲਾ ਕਰਨੇ ਵਾਲੇ ਲੋਗੋ ਕੋ ਮੁਲਤਾਨ ਡਵੀਜ਼ਨ ਸੇ ਬਾਹਰ

ਫੈਂਕ ਦੋ। ਉਨ ਕੇ ਘਰ ਆਗ ਲਗਾ ਦੋ। ਐਸ.ਪੀ. ਨੇ ਆਪਣੇ ਕਿਸੇ ਸ਼ੱਕ ਦੀ ਨਵਿਰਤੀ ਲਈ ਬੋਲਣਾ ਚਾਹਿਆ ਵੀ, ਉਹ ਨਹੀਂ ਸੀ ਸੁਣਦਾ, ਸਮਝਦਾ।

"ਹੁਕਮ ਦੀ ਤਾਮੀਲ ਹੋ।"

"ਬਹੁਤ ਅੱਛਾ, ਸਰ" ਕਹਿੰਦੇ ਸਲੂਟ ਕਰਦੇ ਐਸ.ਪੀ. ਨੂੰ ਉਹ ਸਲਾਮੀ ਦਾ ਉਤਰ ਤੱਕ ਨਾ ਦਿੰਦਾ ਤੇ ਇਕ ਹੋਰ ਹੁਕਮ ਦਾਗ਼ ਦਿੰਦਾ।

"ਰਪਟ ਲਿਖੀ ਜਾਏ-ਅਭੀ।"

ਉਹ ਨਹਾਉਣ ਲਈ ਬਾਥਰੂਮ ਚਲਾ ਜਾਂਦਾ। ਤੌਲੀਆ ਪਹਿਨੇ ਉਹ ਦਫ਼ਤਰ ਵਿੱਚ ਹੀ ਚਹਿਲ ਕਦਮੀ ਕਰਦਾ ਰਹਿੰਦਾ। ਉਦੋਂ ਉਹਨੂੰ ਕੋਈ ਨਹੀਂ ਸੀ ਮਿਲ ਸਕਦਾ। ਬੜੀ ਦਹਿਸ਼ਤ ਸੀ ਉਹਦੀ। ਬਿਗੜੇ ਹੋਏ ਜ਼ਾਂਗਲੀ ਉਹ ਤੋਂ ਇਉਂ ਡਰਦੇ ਜਿਵੇਂ ਧੁਣਖੀ ਤੋਂ ਕਾਂ। ਉਹਦੇ ਸੇਵਾ ਕਾਲ ਵਿੱਚ ਵਾਰਦਾਤਾਂ ਦਾ ਗ਼ਰਾਫ਼ ਬਹੁਤ ਨੀਵਾਂ ਆ ਜਾਂਦਾ।

********************

ਐੱਸ. ਪਰਤਾਪ ਪਹਿਲੀ ਵਾਰ ਲਾਹੌਰ ਤੇ ਫਿਰੋਜ਼ਪੁਰ ਦਾ ਡਿਪਟੀ ਕਮਿਸ਼ਨਰ ਲੱਗਾ। ਬੜਾ ਮਿਹਨਤੀ, ਲਾਇਕ ਤੇ ਨਿਡਰ ਅਫਸਰ ਸੀ ਉਹ। ਇਕ ਫਰਿਆਦੀ ਆਇਆ। ਫੱਟੇ ਪੁਰਾਣੇ ਕਪੜੇ। ਬੁਲ੍ਹਾਂ 'ਤੇ ਪਿਆਸ ਦੀ ਪੇਪੜੀ। ਚਿਹਰੇ ਤੇ ਬੰਧੂਆਂ ਮਜ਼ਦੂਰਾਂ ਜਹੀ ਦੁਰਦਸ਼ਾ। ਚਾਂਦੀ ਤਾਂ ਇਕ ਪਾਸੇ ਉਸ ਕੋਲ ਤਾਂ ਗਿਲਟ ਦਾ ਰੁਪਿਆ ਵੀ ਨਹੀਂ ਸੀ ਕਿਸੇ ਨੂੰ ਦੇਣ ਲਈ। ਤੇ ਦੇਣਾ ਜ਼ਰੂਰੀ ਵੀ ਕਿਧਰੇ ਨਹੀਂ ਸੀ ਲਿਖਿਆ ਹੋਇਆ। ਅੰਦਰ ਆਉਂਦਿਆਂ ਈ ਉਸ ਧਰਤੀ 'ਤੇ ਡਿਗ ਕੇ ਢਾਹ ਮਾਰੀ "ਬੱਚਿਆਂ ਵਾਲਿਆ, ਮੋਤੀਆਂ ਵਾਲਿਆ, ਮੇਰੀ ਲੜਕੀ ਚੌਧਰੀ ਨੇ ਜ਼ਬਰਦਸਤੀ ਚੁੱਕ ਲਈ। ਮਿਨਤ ਤਰਲਾ ਕਰ ਬੈਠਾਂ ਵਾਪਸ ਨਹੀਂ ਦਿੰਦਾ।" ਇਕ ਆਮ ਬੰਦਾ ਵੀ ਉਹਦੀਆਂ ਲੇਰਾਂ ਸੁਣ ਕੇ ਦਸ ਸਕਦਾ ਸੀ ਕਿ ਇਹ ਸੱਚ ਬੋਲਦਾ ਹੈ ਤੇ ਸੱਚ ਤੋਂ ਬਿਨਾਂ ਕੁਝ ਨਹੀਂ ਬੋਲਦਾ। ਐਸ. ਪਰਤਾਪ ਤਾਂ ਦਿਲਾਂ ਦੀਆਂ ਬੁੱਝਣ ਵਾਲਾ ਸੀ।

"ਆ ਜਾ ਮਗਰੇ ਈ ਪਿੰਡ।"

ਇੰਨਾ ਕਹਿੰਦਾ ਹੋਇਆ ਉਹ ਘੋੜੇ ਚੜ੍ਹ ਗਿਆ। ਐਸ.ਪੀ. ਜਿਹਦੀ ਜਾਨ ਤੇ ਸ਼ਾਨ ਦਾ ਰਖਵਾਲਾ ਹੋਵੇ, ਇਕੱਲਾ ਈ ਜਾ ਰਿਹਾ ਸੀ। ਪੂਰੇ ਜ਼ਿਲ੍ਹੇ ਦੇ ਲੋਕਾਂ ਦੀ ਜਾਨ ਮਾਲ ਤੇ ਇੱਜ਼ਤ ਦੇ ਰਖਵਾਲੇ ਦੀ ਜੇ ਆਪਣੀ ਰਾਖੀ ਸੀ ਤਾਂ ਕੇਵਲ ਦਲੇਰੀ ਦੀ। ਇੰਜ ਰੋਜ਼ੇ ਰੌਸ਼ਨ ਵਿੱਚ ਕਿਸੇ ਦੀ ਧੀ ਭੈਣ ਨੂੰ ਕੋਈ ਉਧਾਲ ਲਏ ਤੇ ਵਾਪਸ ਦੇਣ ਤੋਂ ਵੀ ਇੰਨਕਾਰੀ ਹੋਵੇ, ਕਿੰਜ ਜਰ ਸਕਦਾ ਸੀ ਐਸ.ਪਰਤਾਪ ਜਿਹਾ ਮਰਦੇ ਆਹਨ। ਪ੍ਰਬੰਧ ਦੇ ਸਟੀਲ ਫਰੇਮ ਵਰਕ ਦਾ ਵਿਚਕਾਰਲਾ ਧੁਰਾ। ਇਹਦੇ ਨਾਲੋਂ ਤਾਂ ਡਿਪਟੀ ਕਮਿਸ਼ਨਰ ਦੀ ਕੁਰਸੀ ਛੱਡਣੀ ਚੰਗੀ। ਕੋਈ ਲੋੜ ਈ ਨਹੀਂ ਡਿਸਟ੍ਰਿਕਟ ਮੈਜਿਸਟ੍ਰੇਟ ਕਹਾਉਣ ਦੀ। ਕੀ ਫਾਇਦਾ ਰਾਜਿਆਂ ਜਿਹੇ ਅਧਿਕਾਰਾਂ ਦਾ! ਹਵਾ ਨਾਲ ਗੱਲਾਂ ਕਰਦਾ ਅਰਬੀ ਘੋੜਾ। ਵਾਧੂ ਨਸ਼ਾ ਇਹ ਕਿ ਜਿਲ੍ਹੇ ਦਾ ਮਹਿਬੂਬ ਹਾਕਮ ਸਵਾਰੀ ਕਰ ਰਿਹਾ ਉਹਦੀ। ਬਾਕੀ ਕਾਫਲੇ ਤੋਂ ਕੋਹ ਭਰ ਅੱਗੇ ਨਿਕਲ ਗਿਆ।

ਚੌਧਰੀ ਪਿੰਡ ਦੀ ਚੌਪਾਲ ਵਿੱਚ ਮੰਜੇ 'ਤੇ ਬੈਠਾ ਮਸ਼ਟੰਡਿਆਂ ਦੀ ਟੋਲੀ ਨੂੰ ਸੁਆਦ ਲਾ ਲਾ ਆਪਣੇ ਕਾਰਨਾਮੇ ਸੁਣਾ ਰਿਹਾ ਸੀ। ਐਸ. ਪਰਤਾਪ ਦੀ ਗਰਜ਼ ਦੀ ਤਾਬ ਕੋਈ ਮਾਈ ਦਾ ਲਾਲ ਈ ਝੱਲ ਸਕਦਾ ਸੀ। ਦੁੱਕੀ-ਤਿੱਕੀ ਸਭ ਭੱਜ ਗਏ ਅੱਡੀਆਂ ਨੂੰ ਥੁੱਕ ਲਾ ਕੇ। ਚੌਧਰੀ ਨੇ ਦਾਹੜੀ ਦੀ ਨਵੀਂ ਨਵੀਂ ਹਜਾਮਤ ਕਰਾਈ ਸੀ। ਲੰਮੀਆਂ ਸੰਘਣੀਆਂ ਮੁਛਾਂ ਨੂੰ ਜਾਂਦਿਆਂ ਈ ਐਸ. ਪਰਤਾਪ ਨੇ ਹੱਥ ਪਾ ਲਿਆ। ਅਲਕ ਵਹਿੜੇ ਦੀ ਨੱਥ ਵਾਂਗ। "ਲੜਕੀ ਤੇਰੇ ਪਾਸ ਹੈ?"

ਚੌਧਰੀ ਨਿਰਜਿੰਦ ਸੀ। "ਮੈਂ ਕਾਲੀ ਗਾਂ ਬੱਚਿਆਂ ਵਾਲਿਆਂ ਗਲ ਪਰਨਾ। ਮੂੰਹ ਵਿੱਚ ਘਾਹ। ਬਖਸ਼ ਦਿਓ। ਸਾਰੀ ਉਮਰ ਪਾਣੀ ਭਰੂੰ। ਐਸ. ਪਰਤਾਪ ਨੇ ਦੋਨੋਂ ਮੁਛਾਂ ਖੋਹ ਸੁਟੀਆਂ।" ਦੋ ਮਿੰਟ ਦਾ ਸਮਾਂ ਦਿੰਦਾ/ਜਾਂ ਲੜਕੀ ਪੇਸ਼ ਕਰੋ ਜਾਂ ਆਪਣੇ ਘਰ ਦੀਆਂ ਸਾਰੀਆਂ ਜ਼ਨਾਨੀਆਂ।"

ਦੋ ਮਿੰਟ ਵੀ ਕਿਥੋਂ ਲਗਣੇ ਸੀ। ਹੁਕਮ ਹੁੰਦਿਆਂ ਸਾਰ ਪਿੰਡ ਦੀ ਧੀ ਹਾਜ਼ਰ ਹੋ ਗਈ। ਪੂਰਾ ਕਾਰਵਾਂ ਵੀ ਪੁੱਜ ਗਿਆ ਤੇ ਥਾਣੇਦਾਰ ਵੀ। ਇੱਕ ਆਈ.ਸੀ.ਐਸ. ਅਫ਼ਸਰ ਵਲੋਂ ਬਰਾਮਦ ਕੀਤੀ ਬੀਬੀ ਦੇ ਅਗਵਾਕਾਰ ਦਾ ਪੁਲੀਸ ਨੇ ਕੀ ਹਸ਼ਰ ਕੀਤਾ ਹੋਊ ਮਾਹਰਾਜ ਜਾਣੇ। ਪਰ ਆਪਣੇ ਇਲਾਕੇ ਦੀ ਜਾਣਕਾਰੀ ਪ੍ਰਾਪਤ ਕਰਨ ਗਿਆ ਐਸ ਪ੍ਰਤਾਪ ਸਾਰੇ ਇਲਾਕੇ ਨੂੰ ਆਪਣੌਂ ਜਾਣਕਾਰੀ ਦੇ ਆਇਆ।

ਮੈਂ ਕਿਸੇ ਰਾਜ ਪ੍ਰਬੰਧ ਨਿਜ਼ਾਮ ਜਾਂ ਧਰਮ ਤੇ ਸਮਾਜ ਦੇ ਤਾਣੇ ਪੇਟੇ ਨੂੰ ਚੰਗਾ ਜਾਂ ਮੰਦਾ ਨਹੀਂ ਕਹਿੰਦਾ। ਇਹ ਤਾਂ ਡਾਚੀ ਦੀਆਂ ਟੱਲੀਆਂ ਦੀਆਂ ਆਵਾਜ਼ਾਂ ਹਨ। ਜੋ ਰੇਤ ਥਲਾਂ ਵਿੱਚ ਭਟਕਦੀਆਂ ਸੱਸੀਆਂ ਦੇ ਦਿਲਾਂ ਦੀ ਧੜਕਣ ਹਨ। ਇਕ ਵਾਰ ਹੋਤਾਂ ਨਾਲ ਗਏ ਤੇ ਪਰਤ ਨਾ ਆਏ ਜਿਨ੍ਹਾਂ ਦੇ ਪੁੰਨੂੰ ਘਰਾਂ ਨੂੰ।

## ਧੰਨਵਾਦ

ਮਾਨਯੋਗ ਮੈਂਬਰ ਪਾਰਲੀਮੈਂਟ ਸ.ਪ੍ਰੇਮ ਸਿੰਘ ਚੰਦੂਮਾਜਰਾ ਜੀ ਨੇ ਆਪਣੇ 2015 ਵਿੱਚ ਕੀਤੇ ਐਲਾਨ ਅਨੁਸਾਰ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ(ਰਜਿਸ.) ਨੂੰ ਉਸਾਰੀ ਕਾਰਜਾਂ ਲਈ 5 ਲੱਖ ਰੁਪਏ ਮੰਜ਼ੂਰ ਕਰ ਦਿੱਤੇ ਹਨ।ਇਹ ਰਾਸ਼ੀ ਪ੍ਰਾਪਤ ਹੋਣ ਤੇ ਇੱਕ ਨਵੇਂ ਕਮਰੇ ਦੀ ਉਸਾਰੀ ਆਰੰਭ ਕਰ ਦਿੱਤੀ ਜਾਵੇਗੀ।ਸੈਣੀ ਭਵਨ ਦੇ ਪ੍ਰਬੰਧਕ ਇਸ ਆਰਥਿਕ ਸਹਾਇਤਾ ਲਈ ਐੱਮ.ਪੀ. ਸਾਹਿਬ ਦੇ ਅਤਿ ਧੰਨਵਾਦੀ ਹਨ।

ਨਵੇਂ ਜ਼ਮਾਨੇ ਦਾ ਰੰਗ ਤਮਾਸ਼ਾ

# ਔਰਤ ਦਾ ਬਦਲਦਾ ਮੁਹਾਂਦਰਾ

ਡਾ. ਕੁਲਵੰਤ ਕੌਰ
ਪਟਿਆਲਾ



ਇਕ ਚੁਥਾਈ ਸਦੀ ਤੋਂ ਇਹ ਕਲਮ ਕੱਬੀ-ਕੁਚਲੀ, ਰੋਲੀ-ਮਧੋਲੀ, ਸਾੜੀ-ਲਿਤਾੜੀ, ਸਤਾਈ-ਰੁਲਾਈ ਅਤੇ ਤ੍ਰਾਸਦੀਆਂ-ਵਧੀਕੀਆਂ ਦੀ ਸ਼ਿਕਾਰ ਨਾਰੀ ਦੇ ਦੁੱਖਾਂ-ਸੁੱਖਾਂ ਦੀ ਹਮਰਾਜ਼ ਬਣਨ ਲਈ ਜਤਨਸ਼ੀਲ ਅਤੇ ਸੰਘਰਸ਼ੀਲ ਰਹੀ ਹੈ ਕਿਉਂਕਿ ਮਨੁੱਖੀ ਵਿਕਾਸ ਦੀ ਟੇਢੀ ਮੇਢੀ ਡਗਰ (ਪੰਧ) ਤੇ ਇਸ ਨੇ ਅਨੰਤ ਖ਼ੁਆਰੀਆਂ, ਲਾਚਾਰੀਆਂ, ਦੁਸ਼ਵਾਰੀਆਂ ਅਤੇ ਬਿਮਾਰੀਆਂ ਹੰਢਾਈਆ ਹਨ। ਇੱਕਵੀਂ ਸਦੀ ਦੀਆਂ ਬਰੂਹਾਂ 'ਚ ਖੜ੍ਹੀ ਜਿੱਥੇ ਅੱਜ ਇਹ ਔਰਤ ਪੁਲਾੜਾਂ 'ਚ ਉਡਦੀ, ਅੰਬਰ ਗਾਹੁੰਦੀ, ਪਰਬਤ ਚੀਰਦੀ, ਸਾਗਰ ਮੰਥਦੀ, ਜੰਗਲ ਫੋਲਦੀ, ਮੰਗਲ ਲਾਉਂਦੀ-ਗੱਲ ਕੀ ਮਰਦ ਖੇਤਰ ਦਾ ਸਮਝਿਆ ਜਾਂਦਾ ਹਰ ਨਿੱਕਾ ਵੱਡਾ ਕੰਮ ਕਰਨ 'ਚ ਸਮਰੱਥ ਇਸ ਦੀ ਸਫ਼ਲਤਾ ਦੇ ਸਿਹਰੇ ਬੰਨਵਾ, ਰਹੀ ਹੈ। ਉੱਥੇ ਅਜੇ ਵੀ ਸਥਿਤੀ ਬੜੀ ਹਿਰਦੇਵੇਧਕ ਹੌਲਨਾਕ ਅਤੇ ਧਮਾਕਾ ਖੇਜ਼ ਹੈ। ਕਿਉਂਕਿ ਗਿਣੀਆਂ ਚੁਣੀਆਂ ਔਰਤਾਂ ਨੂੰ ਛੱਡ ਕੇ ਬਹੁਗਿਣਤੀ ਅਜੇ ਵੀ ਓਸ ਦਕਿਆਨੂਸੀ ਜੀਵਨ-ਤੋਰ ਦਾ ਹੀ ਅੰਗ ਹਨ ਜਿੱਥੇ ਹੈ ਅੰਤਾਂ ਦੀ ਬੇਰੁਖ਼ੀ ਅਣਗੌਲਿਆਪਣ, ਤਰਸੇਵਾਂ, ਕੁੱਟਮਾਰ, ਜ਼ਲੀਲਗੀ, ਗ਼ਲੀਜ਼ਗੀ ਅਤੇ ਸ਼ੋਸ਼ਣ। ਅਗਿਆਨਤਾ, ਅਵਿਦਿਆ ਤੇ ਜਹਾਲਤ ਵਿਚ ਲਿਪਟੀਆਂ ਆਧੁਨਿਕ ਤਰਜ਼ੇ-ਜੀਵਨ ਤੋਂ ਸੱਖਣੀਆਂ ਅਤੇ ਆਪਣੇ ਪਰਪਰਿਕ ਰੋਲ ਤੱਕ ਸੀਮਤ ਇਹ ਇਸਤਰੀਆਂ ਹਾਲੇ ਵੀ ਸਦੀਆਂ ਪੁਰਾਣੀ ਸੋਚ ਦੀਆਂ ਹੀ ਧਾਰਨੀ ਹਨ- ਅੰਧ ਵਿਸ਼ਵਾਸਾਂ, ਮਿੱਥਿਆ ਸੰਸਕਾਰਾਂ ਅਤੇ ਭੇਖਾਂ-ਪਾਖੰਡਾਂ ਪੂਰਨ ਜੀਵਨ-ਰਹਿਤਲ ਦੀਆ ਭਾਗੀਦਾਰ।

ਪਰੰਤੂ ਸੋਚਣ-ਵਿਚਾਰਨ ਦਾ ਮੁੱਦਾ ਇੱਥੇ ਇਹ ਹੈ ਕਿ ਜਿਨ੍ਹਾਂ ਤੱਕ ਨਵੇਂ ਗਿਆਨ ਵਿਗਿਆਨ ਅਤੇ ਵਿਕਾਸ ਦਾ ਚਾਨਣਾ ਪੁੱਜੈ ਉਹ ਕਿੱਧਰ ਨਿਕਲ ਤੁਰੀਆਂ ਨੇ। ਜਿਨ੍ਹਾਂ ਨੇ ਗਾਡੀ ਰਾਹ ਦੀਆਂ ਰਹਿਬਰ ਬਣ ਕੇ ਜੀਵਨ-ਪੰਧ ਰੁਸ਼ਨਾਉਣਾ ਸੀ ਉਹ ਕਿਹੜੇ ਰਸਾਤਲਾਂ ਵੰਨੀ ਜਾ ਨਿਕਲੀਆਂ ਹਨ। ਨਿੱਤ ਨਵੀਨ ਅਖ਼ਬਾਰੀ ਸੁਰਖੀਆਂ ਵਿਚ ਜੋ ਕੁਝ ਖ਼ੌਫ਼ਨਾਕ ਛਪ ਰਿਹੈ ਉਹ ਕਿਸ ਗੱਲ ਦਾ ਚਿਤਵਨ ਕਰਵਾ ਰਹੇ ਹਨ। ਅੱਜ ਆਪਣੇ ਆਲੇ ਦੁਆਲੇ ਪਸਰ ਰਹੀ ਇਹ ਹੌਲਨਾਕ ਤਬਦੀਲੀ ਮੇਰੇ ਵਜੂਦ ਨੂੰ ਖੰਡ ਖੰਡ ਕਰ ਰਹੀ ਹੈ। ਮੇਰੀ ਚੇਤਨਾ ਲਰਜ਼ਾ ਰਹੀ ਹੈ। ਮੇਰੇ ਅੰਦਰ ਕੜਵਲ ਪੈ ਰਹੇ ਹਨ ਕਿ ਅੱਜ ਇੱਕੀਵੀਂ ਸਦੀ ਦੀਆਂ ਬਰੂਹਾਂ 'ਤੇ ਸਾਡੀਆਂ ਜਾਗਰੂਕ ਹੋ ਰਹੀਆਂ ਭੈਣਾਂ ਲੈਗਿੰਕ ਖੁੱਲ੍ਹਾਂ ਪੱਖੋਂ ਕਿਸ ਗ਼ਰਕਣਾਂ ਵਿਚ ਖੁੱਭਦੀਆਂ ਜਾ ਰਹੀਆਂ ਹਨ।

ਪੀੜ੍ਹੀ-ਅੰਤਰਾਲ ਸਦੀਆਂ ਤੋਂ ਚੱਲਿਆ ਆ ਰਿਹੈ। ਕੋਈ ਨਵੀਂ ਸਮੱਸਿਆ ਨਹੀਂ ਹੈ ਇਹ। ਹਰ ਨਵੀਂ ਪੀੜ੍ਹੀ ਨੂੰ ਪਿਛਾਂਹ ਖਿੱਚੂ, ਵੇਲਾ ਵਿਹਾ ਚੁੱਕੀ ਤੰਗ ਦਿਲ, ਪਰੰਪਰਿਕ ਅਤੇ ਸਨਾਤਨੀ ਕਹਿ ਕੇ ਮਨਮਾਨੀਆਂ, ਆਪਹੁਦਰੀਆਂ, ਜ਼ੋਰ ਜ਼ਬਰੀਆਂ, ਵਧੀਕੀਆ ਅਤੇ ਆਪੋਧਾਪੀਆਂ ਮਚਾਉਂਦੀ ਰਹੀ ਹੈ ਪਰੰਤੂ ਮੇਰੀ ਜਾਚੇ ਉਦੋਂ ਸੰਸਾਰ ਐਨੇ ਨੇੜੇ ਨਹੀਂ ਸੀ ਹੋਇਆ। ਦੂਰੀਆਂ ਐਨੀਆ ਨਹੀਂ ਸੀ ਘਟੀਆ। ਚੇਤਨਾ ਐਨੀ ਨਹੀਂ ਸੀ ਥਿੜ੍ਹਕੀ। ਸੋਚ ਐਨੀ ਨਹੀਂ ਸੀ ਭਟਕੀ। ਵੱਡਿਆਂ ਵਡੇਰਿਆਂ ਦੀ ਰਾਹਬਰੀ ਮਾਅਨੇ ਰੱਖਦੀ ਸੀ। ਬਜ਼ੁਰਗਾਂ ਦੀ ਅਗਵਾਈ ਦੇ ਖ਼ਾਸ ਅਰਥ ਸਨ ਪਰੰਤੂ ਅੱਜ ਸੰਸਾਰ ਦੀ ਨੇੜਤਾ, ਮੀਡੀਏ ਦਾ ਖੁੱਲਮ ਖੁੱਲ੍ਹਾ ਰੋਲ, ਔਰਤ ਦਾ ਮੰਡੀਕਰਨ, ਇਸ਼ਤਿਹਾਰਬਾਜ਼ੀ ਦੇ ਨਾ'ਤੇ ਔਰਤ ਦੀ ਗ਼ੈਰਤ ਦਾ ਚੀਰ ਹਰਨ, ਮਾਡਲਿੰਗ ਦਾ ਅੰਨ੍ਹੇਵਾਹ ਸ਼ੋਰ, ਟੀ.ਵੀ. ਚੈਨਲਾਂ ਰਾਹੀਂ ਮਾਨਵੀ ਵਿਕਾਸ ਦੀਆਂ ਸਮੂਹ ਪਰਤਾਂ ਉਲੰਘ ਮੁੜ ਪੱਥਰ ਯੁਗ ਵਰਗੀ ਨੰਗ ਦਾ ਵਿਖਾਲਾ, ਸੁਹਜ-ਸੌਂਦਰਯ ਨੂੰ ਛੱਡ ਕੇ ਯਥਾਰਥ ਤੋਂ ਵੀ ਅਗਾਂਹ ਪੜਯਥਾਰਥ ਦੇ ਦੀਦਾਰੇ ਅਤੇ ਪੱਛਮੀ ਦੇਸਾਂ ਵਰਗੀ ਬੇਲਗਾਮ ਖੁੱਲ੍ਹ-ਡੁੱਲ ਅਤੇ ਬੇਹਯਾਈ ਦਾ ਪੂਰਬੀ ਧਰਤੀਆਂ ਤੇ ਸ਼ਰੇਆਮ ਪ੍ਰਦਰਸ਼ਨ ਸਾਡੀ ਅਜੋਕੀ ਨਾਰੀ ਦਾ ਵਿਸ਼ੇਸ਼ ਸਰੋਕਾਰ ਬਣਦਾ ਜਾ ਰਿਹੈ। ਰਸਾਤਲ ਵਲ ਵਧ ਰਹੇ ਇਹ ਕਦਮ ਹੱਥਲੇ ਲੇਖ ਦਾ ਮੁੱਖ ਮੁੱਦਾ ਹੈ।

ਵਿਦੇਸ਼ੀ (ਪੱਛਮੀ) ਸਭਿਆਚਾਰ ਵਿਚਲੀ ਬੇਮੁਹਾਰੀ ਖੁੱਲ੍ਹ, ਵਿਆਹ ਬਾਰੇ ਕਾਮ ਸੰਬੰਧ, ਵਿਆਹ ਨੂੰ ਕਿਸੇ ਪਵਿੱਤਰ-ਪਾਵਨ ਰਿਸ਼ਤੇ ਦੀ ਬਜਾਇ ਦੋ ਸਰੀਰਾਂ ਦਾ ਮੇਲ ਸਮਝ ਬੈਠਣ ਦੀ ਬੱਜਰ ਗ਼ਲਤੀ, ਨਿੱਤ ਨਵੇਂ ਸੂਰਜ ਵਿਆਹ ਤੇ ਤਲਾਕ, ਜਿਸਮਾਂ ਦੀ ਤੜਕ ਫੜਕ, ਜਿਸਮਾਂ ਵਿਚ ਹੀ ਖੋ ਜਾਣ, ਮਗ਼ਰੂਰ ਹੋ ਜਾਣ ਦੀ ਲਾਲਸਾ, ਸਮਲਿੰਗੀ ਵਿਆਹਾਂ ਦੀ ਵਧ ਰਹੀ ਮੰਗ ਤੇ ਉਨ੍ਹਾਂ ਨੂੰ ਮਿਲ ਰਹੀ ਮਾਨਤਾ, ਅਣਵਿਆਹੇ ਜੋੜਿਆਂ ਵੱਲੋਂ ਕਈ ਕਈ ਹਮਮੇਲੀਆਂ ਦੀ ਸੰਤਾਨ ਦੀ ਭਟਕਣਾ, ਬੇਵਿਆਹੇ ਯੁਵਕ ਯੁਵਤੀਆਂ ਦੇ ਬੱਚਿਆਂ ਨੂੰ ਮਿਲਦੀਆਂ ਸਰਕਾਰੀ ਸਹੂਲਤਾਂ, ਬਹੁਦੇਸ਼ਾਂ ਵਿਚ ਗਰਭਪਾਤ ਦੀ ਇਜ਼ਾਜ਼ਤ ਨਾ ਹੋਣ 'ਤੇ ਅਣਚਾਹੀ ਔਲਾਦ ਨੂੰ ਜੰਮਣ ਦੀ ਮਜ਼ਬੂਰੀ ਅਤੇ ਘੁੰਮਣ ਫਿਰਨ, ਮੌਜ਼ ਮੇਲੇ ਅਤੇ ਰੰਗ ਰਲੀਆ ਭਰੀ ਜੀਵਨ ਤੋਰ ਦੇ ਹਾਣੀ ਬਣੇ ਰਹਿਣ ਲਈ ਅਨੇਕ ਪ੍ਰਕਾਰੀ ਹਰਬੇ ਵਰਤਣ ਦਾ ਰੁਝਾਨ ਅੱਜ ਸਾਡੀਆਂ ਧਰਤੀਆਂ ਤੇ ਵੀ ਵਧ ਰਿਹੈ। ਨੰਗ ਮੁਨੰਗੀਆਂ ਫ਼ਿਲਮਾਂ, ਟੀ.ਵੀ. ਚੈਨਲਾਂ ਤੋਂ ਬੇਲਗਾਮ ਕਾਮੁਕ ਪ੍ਰਦਰਸ਼ਨ, ਲੁੱਚ ਮਲੁੱਚੇ ਰਸਾਲੇ, ਅਸ਼ਲੀਲ ਸਾਹਿਤ ਤੋਂ ਇਲਾਵਾ ਅੱਜ ਸਾਡੇ ਦੇਸ਼ਾਂ ਵਿਚ ਮਚਦੀ ਜਵਾਨੀ ਦੇ ਅਮੋੜ ਜਜ਼ਬਿਆਂ ਨੂੰ ਸੇਧ ਦੇਣ ਵਾਲੀਆਂ ਸ਼ਖ਼ਬੀਅਤਾਂ ਦੀ ਤਵੱਜੋਂ ਦੀ ਘਾਟ ਕਾਰਨ ਨਿੱਤ ਨਵੇਂ ਗੁਲ ਖਿੜ ਰਹੇ ਹਨ। ਔਲਾਦ ਅੱਜ ਮਾਪਿਆਂ ਦੇ ਸਿਰ ਸਵਾਹ ਪਾ ਰਹੀ ਹੈ ਤੇ ਬੇਹਯਾਈ ਦੇ ਹੱਦਾ ਬੰਨੇ ਤੋੜਕੇ ਅਗਾਂਹਵਧੂਪਨ ਦੇ

ਨਾਂ 'ਤੇ ਬੱਚੇ ਨਿੱਤ ਨਵੇਂ ਚੰਨ ਚਾੜ੍ਹ ਰਹੇ ਹਨ। ਵੇਸਵਾਗਮਨੀ, ਜਿਸਮਫਰੋਸ਼ੀ, ਜਾਂ ਕੋਠਿਆਂ ਦੀ ਦੁਨੀਆਂ ਅੱਜ ਲੁਕ ਛਿਪ ਕੇ ਰਹਿ ਗਈ ਕੋਈ ਅਛੂਤ ਬਸਤੀ ਦੀ ਬਜਾਇ ਇਕ ਸ਼ਰੇਆਮ ਵਰਤਾਰਾ ਬਣਦਾ ਜਾ ਰਿਹੈ। ਅੱਜ ਇਹ ਔਰਤਾਂ 'ਸੈਕਸ ਵਰਕਜ਼' ਅਖਵਾ ਕੇ ਇਸ ਧੰਦੇ ਨੂੰ ਬਾਕਾਇਦਾ 'ਸੈਕਸ ਇੰਡਸਟਰੀ' ਵਜੋਂ ਮਾਨਤਾ ਦਿਵਾਉਣ ਲਈ ਆਖ ਰਹੀਆਂ ਹਨ। ਇਸ ਧੰਦੇ ਨੂੰ ਅਪਣਾਉਣ ਵਿਚ ਉਨ੍ਹਾਂ ਨੂੰ ਹੁਣ ਅਸਲੋਂ ਕੋਈ ਝਿਜਕ ਨਹੀਂ ਬਲਕਿ ਇਸ ਧੰਦੇ ਲਈ ਬੇਹੱਦ ਦੌੜ ਹੈ।

ਅੱਜ ਇਹੋ ਜਿਹੇ ਅਚੰਭੇ-ਕਾਰੀ ਤੱਥ ਛਾਇਆ ਹੋ ਰਹੇ ਹਨ ਕਿ ਵਜੂਦ ਕੰਬ ਕੇ ਰਹਿ ਜਾਂਦਾ ਹੈ ਤੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਪੱਛਮੀ ਸਭਿਆਚਾਰ ਵਿਚ ਵਿਆਹ ਬਾਹਰੀ ਔਲਾਦ ਨੂੰ ਸੌ ਸੌ ਸਹੂਲਤਾਂ ਸਰਕਾਰੇ ਦਰਬਾਰੇ ਪ੍ਰਾਪਤ ਹੁੰਦੀਆਂ ਹਨ ਪਰੰਤੂ ਇੱਧਰ ਛੰਭ ਟੋਭੇ, ਹਸਪਤਾਲ-ਮੰਦਰ ਤੇ ਉਜਾੜ ਥਾਵਾਂ ਤੇ ਨਵ ਜੰਮੇ ਬੱਚਿਆਂ ਦੀਆਂ ਲਾਸ਼ਾਂ ਜਾਂ ਜਿਉਂਦੇ ਜਾਗਦੇ ਅਜਿਹੇ ਬੱਚਿਆਂ ਦੀ ਪ੍ਰਾਪਤੀ ਮਮਤਾ ਤੇ ਮਨੁੱਖਤਾ ਦੇ ਮੂੰਹ ਤੇ ਕਲੰਕ ਹੈ। ਪਿਛਲੇ ਮਹੀਨਿਆਂ ਵਿਚ ਚੰਡੀਗੜ੍ਹ ਤੋਂ ਇਕ ਸਰਵੇਖਣ ਰਿਪੋਰਟ ਛਪੀ ਸੀ ਕਿ ਹਰ ਮਹੀਨੇ ਦਸ ਹਜ਼ਾਰ ਬਾਲੜੀਆਂ/ ਕੁੜੀਆਂ/ ਵਿਦਿਆਰਥਣਾਂ ਵੱਖ ਵੱਖ ਨਰਸਿੰਗ ਘਰਾਂ ਜਾਂ ਹਸਪਤਾਲਾਂ ਵਿਚ ਗਰਭਪਾਤ ਕਰਵਾਉਂਦੀਆਂ ਹਨ। ਪਿਛਲੇ ਹੀ ਦਿਨੀਂ ਪਾਵਨ ਨਗਰੀ ਅੰਮ੍ਰਿਤਸਰ ਦੇ ਹਵਾਲੇ ਨਾਲ ਜੋ ਅੰਕੜੇ ਸਾਹਮਣੇ ਆਏ ਹਨ ਉਹ ਜਾਣ ਕੇ ਤਾਂ ਧੀਆਂ ਦੇ ਮਾਪੇ ਸਿਰ ਫੜ ਕੇ ਰਹਿ ਗਏ ਹਨ। ਕੱਚੀਆਂ ਕੂਲੀਆਂ ਤੇ ਲਗਰਾਂ ਵਰਗੀਆਂ ਅਭੋਲ ਬੱਚੀਆਂ ਵੀ ਅੱਜ 'ਦਲਾਲ' ਤੇ 'ਆਂਟੀਆਂ' (ਮੈਡਮਾਂ) ਦੇ ਚੁੰਗਲ ਵਿਚ ਦੇਹ ਵਪਾਰ ਦਾ ਅੰਗ ਬਣ ਰਹੀਆਂ ਹਨ। ਤੇ ਹੈਰਾਨੀ ਜਨਕ ਗੱਲ ਇਹ ਹੈ ਕਿ ਬਹੁਤ ਸਾਰੀਆਂ ਲੱਜ਼ਤ ਲੈਣ ਲਈ ਇਸ ਪਾਸੇ ਆ ਰਹੀਆਂ ਹਨ। ਆਖ਼ਿਰ ਅਜਿਹਾ ਕਿਉਂ? ਇਹ ਸੋਚਣ ਦਾ ਵਿਸ਼ਾ ਹੈ। ਵਿਚਾਰ ਦਾ ਖ਼ਾਸ ਮੁੱਦਾ ਹੈ, ਕਿਉਂਕਿ ਪੰਜਾਬੀ ਦ ਸ਼ਿਰੋਮਣੀ ਕਵੀ ਡਾ. ਹਰਿਭਜਨ ਸਿੰਘ ਨੇ ਕਦੇ ਲਿਖਿਆ ਸੀ:-

ਨਗਨ ਯੋਨੀਆਂ ਜੇ ਜਣ ਦਿੱਤੇ ਕੀੜ ਮਕੌੜੇ
ਨਸਲ ਮਨੁੱਖ ਦੀ ਕੀੜ ਮਕੌੜਾ ਹੋ ਜਾਏਗੀ।

ਵਾਕਈ 'ਕੀੜ ਮਕੌੜਾ' ਨਸਲ ਪੈਦਾ ਹੋ ਰਹੀ ਹੈ ਅਜਿਹੇ ਅਮਾਨਵੀ ਸੰਬੰਧਾਂ 'ਚੋ। ਪਾਠਕੋ! ਸਾਡਾ ਸਰਮਾਇਆ ਤਾਂ ਗੁਰੂ ਸਾਹਿਬਾਨ ਤੇ ਮਹਾਨ ਪੁਰਖਾਂ ਦੀ ਉਹ ਪਾਵਨ ਪੁਨੀਤ ਬਾਣੀ ਹੈ ਜਿਸ ਦੀ ਸਿੱਖਿਆ ਹੀ ਇਹੋ ਜਿਹੀ ਸੀ ਕਿ:-

– ਰੂਪ ਸੁੰਦਰੀਆ ਅਨਿਕ ਇਸਤਰੀਆ
ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ।
-ਮਾਣੈ ਰੰਗ ਭੋਗ ਬਹੁ ਨਾਰੀ।
ਜਿਉ ਨਰਪਤਿ ਸੁਪਨੈ ਭੇਖਾਰੀ।
-ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ।
-ਪਰਤ੍ਰਿਅ ਰੂਪ ਨ ਪੇਖੈ ਨੇਤ੍ਰ।

ਸਮੁੱਚੇ ਗੁਰੂ ਗ੍ਰੰਥ ਬਾਹਿਬ ਵਿਚੋਂ ਅਜਿਹੇ ਅਣਗਿਣਤ ਉਦਾਹਰਣ ਵੇਖੇ ਜਾ ਸਕਦੇ ਹਨ ਜੋ ਜਿਸਮ ਫ਼ਰੋਸ਼ੀ ਤੋਂ ਸੁਚੇਤ ਕਰਦਿਆ ਮਾਨਵਤਾ ਦੇ ਅਤਿ ਘਿਣਾਉਣੇ ਪੱਖ ਦੀ ਨਿਸ਼ਾਨਦੇਹੀ ਕਰਦੇ ਹਨ। ਭਾਵੇਂ ਸਾਡੇ ਮੁਲਕਾਂ ਵਿਚਲੀ ਅੰਤਾਂ ਦੀ ਬੇਰੁਜ਼ਗਾਰੀ, ਭਵਿੱਖੀ ਅਨਿਸਚਿਤਤਾ, ਪਦਾਰਥਵਾਦ ਦੀ ਹੋੜ, ਸੇਧਹੀਣ ਵਿੱਦਿਆ ਅਤੇ ਹੋਰ ਅਨੇਕ ਕਾਰਨ ਵੀ ਹਨ ਜਿਹੜੇ ਸਾਡੀ ਅਜੋਕੀ ਯੁਵਾ ਪੀੜ੍ਹੀ ਸੇਧਹੀਣ ਵਿੱਦਿਆ ਅਤੇ ਹੋਰ ਅਨੇਕਾਂ ਕਾਰਨ ਵੀ ਹਨ ਜਿਹੜੇ ਸਾਡੀ ਅਜੋਕੀ ਯੁਵਾ ਪੀੜ੍ਹੀ ਨੂੰ ਕੁਰਾਹੇ ਲਿਜਾਣ ਵਿਚ ਹਿੱਸਾ ਪਾ ਰਹੇ ਹਨ ਪਰੰਤੂ ਮੇਰੀ ਜਾਚੇ ਅੱਜ ਦੀ ਆਪੋ ਧਾਪੀ ਤੇ ਭ੍ਰਿਸ਼ਟਾਚਾਰੀ ਰਾਜਨੀਤਿਕ ਨਿਜ਼ਾਮ ਵਿਚ ਨੈਤਿਕ ਸਿੱਖਿਆ ਦੀ ਘਾਟ, ਧਾਰਮਿਕ ਲੋਕਾਂ ਵਲੋਂ ਅਧਾਰਮਿਕ ਕੁਰਹਿਤਾਂ ਦਾ ਪ੍ਰਦਰਸ਼ਨ, ਸੱਚੇ ਸੁੱਚੇ ਧਰਮ ਦੀ ਬਜਾਇ ਅਧਰਮ ਦਾ ਬੋਲਬਾਲਾ ਤੇ ਪ੍ਰਤੱਖ ਅਗਵਾਈ ਦੀ ਕਮੀ ਸਾਡੀ ਕਿਸ਼ੋਰ ਪੀੜੀ ਨੂੰ ਕੁਮਾਰਗ ਤੋਂ ਰੋਕ ਸਕਣੋਂ ਅਸਮਰੱਥ ਹੈ। ਨਿਰਾਸ਼ ਹੋ ਕੇ ਸਾਡੇ ਨੌਜਵਾਨ ਬੱਚੇ ਭਟਕਣ ਵਿੱਚ ਗਵਾਚ ਰਹੇ ਹਨ। ਕਦੇ ਸੱਭਿਅਤਾ ਦੀ ਰੱਖਿਅਕ ਭਾਰਤੀ ਨਾਰੀ ਨੂੰ ਇਸ ਦਿਸ਼ਾ ਵਲੋਂ ਰੋਕਣ ਲਈ ਜਦੋਂ ਤੀਕ ਕੌਮੀ ਅਤੇ ਪ੍ਰਾਂਤਿਕ ਪੱਧਰਾਂ ਤੇ ਕਾਰਗਰ ਜਤਨ ਨਹੀਂ ਕੀਤੇ ਜਾਂਦੇ, ਵਿਦਿਅਕ ਪਾਠਕ੍ਰਮ ਨੂੰ ਸਮਾਜ ਦੀਆਂ ਸਭਿਆਚਾਰਕ, ਨੈਤਿਕ ਅਤੇ ਸਮਾਜਿਕ ਕਦਰਾਂ ਕੀਮਤਾਂ ਅਨੁਸਾਰ ਨਹੀਂ ਬਦਲਿਆ ਅਤੇ ਕੀਤਾ ਜਾਂਦਾ, ਬੱਚਿਆਂ ਦੇ ਸਮਾਜੀਕਰਣ ਲਈ ਉਨ੍ਹਾਂ ਨੂੰ ਵਿਸ਼ਵ ਵਿਆਪੀਕਰਣ ਦਾ ਸੰਕਲਪ ਨਹੀਂ ਸਮਝਾਇਆ ਜਾਂਦਾ, ਮਾਪਿਆ ਅਤੇ ਔਲਾਦ ਵਿਚ ਮਿੱਤਰਤਾਪੂਰਨ ਰਿਸ਼ਤਾ ਕਾਇਮ ਨਹੀਂ ਹੁੰਦਾ, ਵਡੇਰਿਆਂ ਦਾ ਪੁਰਾਤਨਪੰਥੀ, ਕੱਟੜ ਤੇ ਪਿਛਾਂਹ ਖਿੱਚੂ ਵਤੀਰਾ ਨਹੀਂ ਬਦਲਦਾ, ਏਡਜ਼ ਲਈ ਸਾਂਝੇ ਪੱਧਰ 'ਤੇ ਜੱਹਾਦ ਨਹੀਂ ਛਿੜਦਾ, ਸੁਚਾਰੂ ਰੁਚੀਆਂ ਨੂੰ ਘਰ ਬਾਹਰ ਨਹੀਂ ਪ੍ਰਚਾਰਿਆ ਜਾਂਦਾ ਅਤੇ ਮਨੁੱਖਾ ਜੀਵਨ ਦੀ ਦੁਰਲੱਭਤਾ ਨੂੰ ਉਨ੍ਹਾਂ ਦੇ ਗੌਰਵਮਈ ਵਿਰਸੇ ਦੇ ਸੰਦਰਭ ਵਿਚ ਨਹੀਂ ਚਿਤਾਰਿਆ ਜਾਂਦਾ ਉਦੋਂ ਤੱਕ ਇਸ ਵਿਨਾਸ਼ਕਾਰੀ ਮੁਹਾਂਦਰੇ ਦੀ ਸੋਝੀ ਹੋ ਸਕਣੀ ਭਾਰਤੀ ਨਾਰੀ ਲਈ ਉੱਕਾ ਹੀ ਸੰਭਵ ਨਹੀਂ ਹੈ। ਪੰਜਾਬੀ ਨਾਰੀ ਦੇ ਸਾਹਮਣੇ ਵੀ ਇਹੀ ਦੁਸ਼ਵਾਰੀਆਂ ਹਨ ਵਿਚ ਸੁਸਿੱਖਿਅਕ, ਗਿਆਨਵਾਦ, ਸੂਝਵਾਨ ਅਤੇ ਭਵਿੱਖਵੇਤਾ ਬਣਨ ਦੀ ਲੋਚਾ ਵਿੱਚ ਆਓ! ਆਪਣੇ ਚਰਿੱਤਰ ਨਿਰਮਾਣ ਸੰਬੰਧੀ ਸੋਚਵਾਨ ਹੋਈਏ। ਸੰਜਮੀ ਜੀਵਨ ਅਪਣਾਈਏ। ਦੇਖ ਪਰਾਈਆ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੋ ਦੇ ਲੇਖਕ ਪਾਈ ਗੁਰਦਾਸ ਜੀ ਨੂੰ ਚਿਤਵੀਏ! ਆਓ! ਸਖੀਓ! ਕੌਮਾਂਤਰੀ ਨਾਰੀ ਦਿਵਸ 'ਤੇ ਆਪਣੇ ਅੰਦਰ ਝਾਤੀ ਪਾ ਕੇ ਬੀਰਾਂਗਣਾ ਝਾਂਸੀ ਦੀ ਰਾਣੀ, ਸੇਵਾ ਮੂਰਤ ਸਮੂਹ ਗੁਰੂ-ਮਹਿਲ, ਵੀਰਤਾ ਦਾ ਸਾਕਾਰ ਰੂਪ ਮਾਈ ਭਾਗੋ ਅਤੇ ਅਜਿਹੀਆਂ ਹੀ ਹੋਰ ਮਿਸਾਲੀ ਨਾਰੀਆਂ ਦੇ ਜੀਵਨ ਤੋਂ ਸੇਧ, ਪ੍ਰੇਰਣਾ ਅਤੇ ਹੱਲਾਸ਼ੇਰੀ ਲਈਏ ਤੇ ਭਟਕਦੇ ਕਦਮ ਰੋਕੀਏ।

❋ ❋ ❋ ❋ ❋

ਪਿਤਾ ਦਿਵਸ 'ਤੇ ਵਿਸ਼ੇਸ਼

# ਸੁੱਖਾਂ ਦਾ ਸਾਗਰ ਹੈ ਪਿਤਾ

ਮਾਂ-ਬਾਪ ਪਰਿਵਾਰ ਰੂਪੀ ਤੱਕੜੀ ਦੇ ਦੋਵੇਂ ਪਲੜੇ ਹੁੰਦੇ ਹਨ ਜਿਨ੍ਹਾਂ ਦੇ ਸਹਾਰੇ ਪਰਿਵਾਰਕ ਗੱਡੀ ਸੁਚਾਰੂ ਰੂਪ ਵਿੱਚ ਚੱਲਦੀ ਹੈ। ਪਰ ਹੁਣ ਤੱਕ ਸਾਹਿਤ ਵਿੱਚ ਜੋ ਵੀ ਲਿਖਿਆ ਗਿਆ ਹੈ ਉਸ ਵਿੱਚ ਮਾਂ ਦੇ ਹਰ ਰੂਪ ਦਾ ਚਿਤਰਣ ਕੀਤਾ ਗਿਆ ਹੈ । ਜੇ ਦੋਵੇਂ ਪਰਿਵਾਰਕ ਗੱਡੀ ਦੇ ਪਹੀਏ ਹਨ ਤਾਂ ਫਿਰ ਇੱਕ ਦੀ ਇੰਨੀ ਮਾਨਤਾ ਕਿ ਉਹ ਰੱਬ ਨਾਲੋਂ ਘੱਟ ਨਹੀਂ ਤੇ ਦੂਸਰੇ ਪਾਸੇ ਪਿਤਾ ਦਾ ਕਿੱਧਰੇ ਜ਼ਿਕਰ ਵੀ ਨਹੀਂ ਆਉਂਦਾ।ਜੇ ਆਉਂਦਾ ਵੀ ਹੈ ਤਾਂ ਦੋਵਾਂ ਲਈ ਸ਼ਬਦ 'ਮਾਪੇ' ਵਰਤਿਆ ਜਾਂਦਾ ਹੈ । ਜੇ ਮਾਂ ਜਨਮਦਾਤੀ ਹੈ ਤਾਂ ਪਿਤਾ ਜਨਮਦਾਤਾ ਹੈ, ਜਨਮ ਦੇਣ ਦਾ ਕਾਰਨ ਹੈ, ਉਸ ਤੋਂ ਬਿਨਾਂ ਬੱਚੇ ਦੀ ਹੋਂਦ ਸੰਭਵ ਹੀ ਨਹੀਂ ਹੋ ਸਕਦੀ। ਜੇ ਮਾਂ ਇੱਕ ਘਣਛਾਵਾਂ ਬੂਟਾ ਹੈ ਤਾਂ ਪਿਤਾ 'ਬੋਹੜ ਦੀ ਛਾਂ' ਵਰਗਾ ਹੁੰਦਾ ਹੈ, ਜਿਸ ਦੇ ਸਾਏ ਹੇਠ ਬੱਚਾ ਜਨਮ ਤੋਂ ਅੰਤ ਤੱਕ ਜੀਵਨ ਬਸਰ ਕਰਦਾ ਹੈ।

ਜਦੋਂ ਮਾਂ ਛੱਡ ਕੇ ਚਲੇ ਜਾਂਦੀ ਹੈ ਤਾਂ ਦੁਨੀਆਂ ਵਿੱਚ ਕੋਈ ਦੁਆ ਦੇਣ ਵਾਲਾ ਨਹੀਂ ਹੁੰਦਾ, ਪਰ ਜੇ ਪਿਤਾ ਚਲੇ ਜਾਵੇ ਤਾਂ ਕੋਈ ਹੌਸਲਾ ਦੇਣ ਵਾਲਾ ਨਹੀਂ ਹੁੰਦਾ। ਪਿਤਾ ਦੀ ਮੌਜ਼ੂਦਗੀ ਸੂਰਜ ਵਾਂਗ ਹੁੰਦੀ ਹੈ। ਸੂਰਜ ਗਰਮ ਜ਼ਰੂਰ ਹੁੰਦਾ ਹੈ। ਕਿਸੇ ਨੇ ਖੂਬਸੂਰਤ ਲਿਖਿਆ ਹੈ ;

ਜੇਬ੍ਹ ਖਾਲੀ ਹੋਵੇ ਫਿਰ ਵੀ ਮਨ੍ਹਾਂ ਕਰਦੇ ਨਹੀਂ ਦੇਖਿਆ।
ਮੈਂ ਪਿਤਾ ਤੋਂ ਅਮੀਰ ਕੋਈ ਇਨਸਾਨ ਨਹੀਂ ਦੇਖਿਆ।

ਬੱਚਿਆਂ ਨੂੰ ਜਨਮ ਲੈਣ ਤੋਂ ਪਾਲਣ-ਪੋਸ਼ਣ ,ਪੜ੍ਹਾਉਣ-ਲਿਖਾਉਣ ਤੋਂ ਇਲਾਵਾ ਜੀਵਨ ਵਿੱਚ ਸੈੱਟ ਕਰਨ ਅਤੇ ਜ਼ਿੰਦਗੀ ਦੇ ਮੈਦਾਨ ਵਿੱਚ ਸੰਘਰਸ਼ ਕਰਕੇ ਉਤਰਨ ਲਈ ਤਿਆਰ ਕਰਨ ਹਿਤ ਪਿਤਾ ਨੂੰ ਤਨ,ਮਨ ਤੇ ਧਨ ਨਾਲ ਸਾਰਾ ਜ਼ੋਰ ਲਾਉਣਾ ਪੈਂਦਾ ਹੈ ਪਰ ਇਹ ਵਿਖਾਵਾ ਨਹੀਂ ਕਰਦਾ। ਪਿਆਰ ਜਾਂ ਸਖ਼ਤੀ ਜਿਵੇਂ ਵੀ ਲੋੜ ਹੋਵੇ ਪਿਤਾ ਨੂੰ ਕਰਨੀ ਪੈਂਦੀ ਹੈ ਤਾਂ ਕਿ ਬੱਚੇ ਜ਼ਿੰਦਗੀ ਦੇ ਇਮਤਿਹਾਨ ਵਿੱਚ ਸਫ਼ਲ ਹੋ ਸਕਣ। ਇਕੱਲਾ ਪਿਆਰ ਬੱਚੇ ਨੂੰ ਸੁਧਾਰਨ ਦੀ ਬਜਾਏ ਵਿਗਾੜਦਾ ਹੈ, ਪਰ ਸਖ਼ਤੀ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀ ਹੈ ਤੇ ਸੰਘਰਸ਼ ਦਾ ਸਾਹਮਣਾ ਕਰਨਾ ਵੀ। ਪੁਰਾਤਨ ਕਾਲ ਵਿੱਚ ਗੁਰੂਕੁੱਲ ਵਿੱਚ ਅਚਾਰੀਆ ਇਹੀ ਢੰਗ ਅਪਣਾ ਕੇ ਹਰ ਤਰ੍ਹਾਂ ਦੀ ਸਿੱਖਿਆ ਦਿੰਦੇ ਸਨ। ਇਸ ਰਵੱਈਏ ਨੂੰ ਪਿਤਾ ਦੀ ਬੇਰੁਖੀ ਨਹੀਂ ਕਿਹਾ ਜਾ ਸਕਦਾ ਸਗੋਂ ਬੱਚੇ ਨੂੰ ਅਨੁਸ਼ਾਸਨ ਵਿੱਚ ਰੱਖਣ ਲਈ ਇੱਕ ਢੰਗ ਹੈ।

ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਮਾਵਾਂ ਜਾਂ ਦਾਦੀਆਂ ਬੱਚੇ ਨੂੰ ਕੁੱਝ ਨਹੀਂ ਕਹਿੰਦੀਆਂ , ਬਸ ਲਾਡ ਲਡਾਉਣਾ ਤੇ ਜ਼ਿਦ ਪੂਰੀ ਕਰਨੀ। ਜਦੋਂ ਵੀ ਬੱਚਾ ਕੋਈ ਪੁੱਠ-ਸਿੱਧੀ ਸ਼ਰਾਰਤ ਕਰਦਾ ਹੈ ਜਾਂ ਕੋਈ ਗਲਤ ਕੰਮ ਕਰਦਾ ਹੈ ਜਾਂ ਪੜ੍ਹਾਈ ਵਲੋਂ ਅਣਗਹਿਲੀ ਕਰਦਾ ਹੈ ਤਾਂ ਇੱਕੋ ਗੱਲ ਕਹੀ ਜਾਂਦੀ ਹੈ ' ਤੇਰਾ ਪਿਓ ਆ ਜਾਵੇ ਦੱਸਦੀ ਹਾਂ '।ਇਹ ਮਾਂ ਵਲੋਂ ਅਪਣਾਇਆ ਤਰੀਕਾ ਬੱਚੇ ਦੇ ਮਨ ਵਿੱਚ ਹਰ ਸਮੇਂ ਰਹਿੰਦਾ ਹੈ ਅਤੇ ਬੱਚਾ ਇਹੀ ਸੋਚਦਾ ਹੈ ਕਿ ਪਿਓ ਉਸ ਨੂੰ ਪਿਆਰ ਨਹੀਂ ਕਰਦਾ ,ਬਸ ਝਿੜਕਦਾ ਹੀ ਰਹਿੰਦਾ ਹੈ।ਕਈ ਮਾਵਾਂ ਆਪ ਵੀ ਮਾਰ ਕੁੱਟ ਲੈਂਦੀਆਂ ਹਨ ਤੇ ਫਿਰ ਘਰ ਆਉਂਦਿਆਂ ਹੀ ਬੱਚੇ ਦੀ ਸ਼ਿਕਾਇਤ ਲਾ ਕੇ ਪਿਓ ਕੋਲੋਂ ਵੀ ਬੱਚੇ ਨੂੰ ਮਾਰ ਪੁਆ ਦਿੰਦੀਆਂ ਹਨ। ਅਜਿਹਾ ਰਵੱਈਆ ਬੱਚੇ ਅਤੇ ਬਾਪ ਵਿੱਚ ਦੂਰੀ ਪੈਦਾ ਕਰ ਦਿੰਦਾ ਹੈ ਤੇ ਬੱਚਾ ਆਪਣੇ ਬਾਪ ਨੂੰ ਖੁੱਲ੍ਹ ਕੇ ਮਨ ਦੀ ਗੱਲ ਨਹੀਂ ਦੱਸ ਸਕਦਾ।

ਮਾਵਾਂ ਭਾਵੁਕ ਹੋ ਕੇ ਸੋਚਦੀਆਂ ਹਨ ਪਰ ਪਿਤਾ ਜ਼ਮੀਨੀ ਹਕੀਕਤ 'ਤੇ ਖਲੋ ਕੇ ਸੋਚਦਾ ਹੈ ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਜੀਵਨ ਫੁੱਲਾਂ ਦੀ ਸੇਜ ਹੀ ਨਹੀਂ ਸਗੋਂ ਕੰਡਿਆਲਾ ਰਾਹ ਵੀ ਹੈ ਜਿਸ ਲਈ ਬੱਚੇ ਨੂੰ ਤਿਆਰ ਕਰਨਾ ਜ਼ਰੂਰੀ ਹੁੰਦਾ ਹੈ। ਪਿਤਾ ਵਿੱਚ ਤਾਂ ਇੰਨਾਂ ਸੰਜਮ ਹੁੰਦਾ ਹੈ ਕਿ ਉਹ ਧੀ ਦੀ ਡੋਲੀ ਤੋਰਨ ਵੇਲੇ ਆਪਣੇ ਹੰਝੂ ਬਾਹਰ ਨਹੀਂ ਨਿਕਲਣ ਦਿੰਦਾ। ਇਸ ਦਾ ਇਹ ਮਤਲਬ ਨਹੀਂ ਕਿ ਉਹ ਧੀ ਨੂੰ ਪਿਆਰ ਨਹੀਂ ਕਰਦਾ, ਧੀ ਵੀ ਉਸ ਦੇ ਕਲੇਜੇ ਦਾ ਟੁਕੜਾ ਹੁੰਦੀ ਹੈ।ਮਾਂ ਤੇ ਪਿਓ ਵਿੱਚ ਫਰਕ ਇਹ ਹੁੰਦਾ ਹੈ ਕਿ ਮਾਂ ਰੋ ਕੇ ਦਿਲ ਹੌਲਾ ਕਰ ਲੈਂਦੀ ਹੈ ਤੇ ਪਿਓ ਹੰਝੂਆਂ ਨੂੰ ਅੰਦਰ ਹੀ ਸਮੇਟ ਲੈਂਦਾ ਹੈ।

ਅਜੋਕੀ ਪਦਾਰਥਕ ਦੌੜ ਅਤੇ ਸਮੇਂ ਦੀ ਤੇਜ਼ ਗਤੀ ਨਾਲ ਬੱਚੇ ਆਪਣੇ ਆਪ ਨੂੰ ਬਹੁਤਾ ਹੀ ਸਿਆਣਾ ਸਮਝਣ ਲਗ ਪਏ ਹਨ ਤੇ ਸੋਚਦੇ ਹਨ ਕਿ ਸਾਡਾ ਪਿਤਾ ਸਾਡੇ ਕੋਲੋਂ ਹੀ ਸਭ ਕੁੱਝ ਸਿੱਖ ਰਿਹਾ ਹੈ ਤੇ ਪਿਛਾਂਹ-ਖਿੱਚੂ ਸੋਚ ਦਾ ਹੈ। ਪਰ ਉਹ ਭੁੱਲ ਜਾਂਦੇ ਹਨ ਕਿ ਪਿਤਾ ਤਾਂ ਅਨੁਭਵਾਂ ਦਾ ਭੰਡਾਰ ਹੈ ਜਿਸ ਨੇ ਉਂਗਲ ਫੜ ਕੇ ਤੁਰਨਾ ਸਿਖਾਇਆ, ਪਰ ਕੋਈ ਅਹਿਸਾਨ ਨਹੀਂ ਜਤਾਇਆ।ਉਹ ਭੁੱਲ ਜਾਂਦੇ ਹਨ ਕਿ ਇਹ ਓਹੀ ਪਿਤਾ ਹੈ ਜੋ ਥੱਕੇ ਹਾਰੇ ਘਰ ਆਏ ਬੱਚੇ ਦੀਆਂ ਲੱਤਾਂ ਘੁੱਟਦਾ ਸੀ। ਆਪ ਸਾਈਕਲ ਨਾਲ ਗੁਜ਼ਾਰਾ ਕਰਕੇ ਉਨ੍ਹਾਂ ਨੂੰ ਸਕੂਟਰਾਂ ਤੇ ਕਾਰਾਂ ਦੀ ਸਹੂਲਤ ਦਿੰਦਾ ਹੈ, ਆਪ ਛੋਟੇ-ਮੋਟੇ ਮੋਬਾਈਲ ਨਾਲ ਖੁਸ਼ ਹੈ ਪਰ ਬੱਚਿਆਂ ਦੇ ਹੱਥਾਂ ਵਿੱਚ ਸਮਾਰਟ ਫੋਨ ਹੁੰਦੇ ਹਨ। ਜੇ ਉਹ ਡਾਂਟਦਾ ਹੈ ਤਾਂ ਅਨੁਸ਼ਾਸਨ ਤੇ ਸੰਜਮ ਵਿੱਚ ਰਹਿਣਾ ਤੇ ਪੈਰ ਜ਼ਮੀਨ 'ਤੇ ਟਿਕਾ ਕੇ ਰੱਖਣਾ ਸਿਖਾਉਣ ਲਈ ਹੀ ਹੈ। ਇੰਨੀਆਂ ਕੁਰਬਾਨੀਆਂ ਕਰਕੇ ਵੀ ਜੇ ਪਿਤਾ ਨੂੰ ਸਾਹਿਤ ਜਾਂ ਸਮਾਜ ਵਿੱਚ ਉਹ ਅਹਿਮੀਅਤ ਨਹੀਂ ਮਿਲ ਰਹੀ ਜੋ ਮਿਲਣੀ ਚਾਹੀਦੀ ਹੈ ਤਾਂ ਕਸੂਰ ਕਿਸ ਦਾ ਹੈ? ਜੇ ਘਰ ਆਏ ਬਾਪ ਨੂੰ ਬੱਚੇ ਹੱਸ ਕੇ ਮਿਲਣ,ਪਾਣੀ-ਧਾਣੀ ਪੁੱਛਣ, ਦਿਨ ਕਿਵੇਂ ਬੀਤਿਆ ਬਾਰੇ ਗੱਲਬਾਤ ਕਰਨ, ਫਿਰ ਵੇਖੋ ਪਿਤਾ ਦੀ ਖੁਸ਼ੀ ਦਾ ਠਿਕਾਣਾ ਨਹੀਂ ਰਹਿੰਦਾ। ਉਹ ਸਫਾ

ਬਾਕੀ ਸਫਾ 34 ਤੇ



# ਵਿਦੇਸ਼ਾਂ ਵਿੱਚ ਮਾਣਮੱਤੇ ਪੰਜਾਬੀ

ਗੁਰਚਰਨ ਸਿੰਘ
ਸੈਣੀ ਭਵਨ ਰੂਪਨਗਰ

ਆਪਣੇ ਮਿਹਨਤੀ ਅਤੇ ਹਿੰਮਤੀ ਸੁਭਾ ਕਾਰਨ ਪੰਜਾਬੀਆਂ ਨੇ ਵਿਸ਼ਵ ਭਰ ਵਿੱਚ ਆਪਣੀਆਂ ਪ੍ਰਾਪਤੀਆਂ ਦੇ ਝੰਡੇ ਗੱਡੇ ਹਨ। ਜਿਨ੍ਹਾਂ ਮਾਣਮੱਤੇ ਪੰਜਾਬੀਆਂ ਨੇ ਪਿਛਲੇ ਤਿੰਨ ਮਹੀਨਿਆਂ ਦੌਰਾਨ ਸਫਲਤਾਵਾਂ ਹਾਸਿਲ ਕੀਤੀਆਂ ਹਨ ਉਨ੍ਹਾਂ ਦੇ ਸੰਖੇਪ ਵੇਰਵੇ ਇਸ ਪ੍ਰਕਾਰ ਹਨ-

## ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਦੇ ਜੇਤੂ ਪੰਜਾਬੀ :

ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਮਈ 2017 ਵਿੱਚ 87 ਮੈਂਬਰੀ ਵਿਧਾਨ ਸਭਾ ਲਈ ਚੋਣਾਂ ਸਮੇਂ 18 ਪੰਜਾਬੀ ਉਮੀਦਵਾਰਾਂ ਨੇ ਕਿਸਮਤ ਅਜ਼ਮਾਈ ਕੀਤੀ ਜਿਨ੍ਹਾਂ ਵਿੱਚੋਂ ਹੇਠ ਲਿਖੇ 7 ਨੂੰ ਸਫਲਤਾ ਨਸੀਬ ਹੋਈ ਹੈ –

**ਸਰੀ ਪੈਨੋਰਮਾ ਤੋਂ ਜਿੰਨੀ ਸਿਮਜ਼ (ਜੋਗਿੰਦਰ ਕੌਰ) :**



ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਪਿੰਡ ਪੱਬਵਾਂ ਦੇ ਸ. ਬਿੱਕਰ ਸਿੰਘ ਅਤੇ ਸ਼੍ਰੀਮਤੀ ਸਵਰਨ ਕੌਰ ਦੇ ਘਰ 1952 ਵਿੱਚ ਜਨਮੀ ਜੋਗਿੰਦਰ ਕੌਰ 9 ਕੁ ਸਾਲ ਦੀ ਉਮਰ ਵਿੱਚ ਹੀ ਆਪਣੇ ਮਾਤਾ ਪਿਤਾ ਨਾਲ ਇੰਗਲੈਂਡ ਚਲੇ ਗਈ ਸੀ ਜਿੱਥੇ ਉਸ ਨੇ ਉੱਚ ਸਿੱਖਿਆ ਹਾਸਲ ਕੀਤੀ । ਉਹ 1975 ਵਿੱਚ ਕੈਨੇਡਾ ਚਲੇ ਗਈ ਅਤੇ ਸਿਆਸਤ ਵਿੱਚ ਸਰਗਰਮ ਹੋ ਗਈ।



**ਸਰੀ ਨਿਊਟਨ ਤੋਂ ਹੈਰੀ ਬੈਂਸ :** ਕਿੱਤੇ ਵਜੋਂ ਐਡਵੋਕੇਟ ਸ਼੍ਰੀ ਹੈਰੀ ਬੈਂਸ ਆਪਣੀ ਪਤਨੀ ਸ਼੍ਰੀਮਤੀ ਰਾਜਵਿੰਦਰ ਅਤੇ ਦੋ ਬੱਚਿਆਂ ਸਮੇਤ ਸਰੀ ਵਿੱਚ ਰਹਿੰਦੇ ਹਨ।



**ਸਰੀ ਗਰੀਨ ਟਿੰਬਰ ਤੋਂ ਸ਼੍ਰੀਮਤੀ ਰਚਨਾ ਸਿੰਘ :** ਪੰਜਾਬ ਵਿੱਚ ਛਪਦੇ ਪੰਜਾਬੀ ਮੈਗਜ਼ੀਨ ਸਿਰਜਣਾ ਦੇ ਸੰਪਾਦਕ ਸ. ਰਘੁਬੀਰ ਸਿੰਘ ਦੀ ਇਹ ਪੁੱਤਰੀ ਸੋਲਾਂ ਕੁ ਸਾਲ ਪਹਿਲਾਂ ਕੈਨੇਡਾ ਆਈ ਸੀ।



**ਸਰੀ ਪਨੋਰਮਾ ਰਿੱਜ ਤੋਂ ਜਗਰੂਪ ਬਰਾੜ :** ਪੰਜਾਬ ਦਾ ਜੰਮਪਲ ਇਹ ਨੌਜਵਾਨ ਰਾਜਨੀਤਿਕ ਨੇਤਾ ਕੈਨੇਡਾ ਦੀ ਯੂਨੀਵਰਸਿਟੀ ਆਫ ਮਨੀਤੋਬਾ ਤੋਂ ਪਬਲਿਕ ਐਡਮਨਿਸਟ੍ਰੇਸ਼ਨ ਦਾ ਪੋਸਟ ਗ੍ਰੈਜੁਏਟ ਹੈ। ਉਹ 2004 ਤੋਂ ਬ੍ਰਿਟਿਸ਼ ਕੋਲੰਬੀਆ ਦੀ ਅਸੈਂਬਲੀ ਦਾ ਮੈਂਬਰ ਚਲਿਆ ਆ ਰਿਹਾ ਹੈ।



**ਨਾਰਥ ਡੈਲਟਾ ਤੋਂ ਰਵੀ ਕਾਹਲੋਂ :** ਕੈਨੇਡਾ ਦੇ ਵਿਕਟੋਰੀਆ ਵਿੱਚ ਜਨਮਿਆਂ ਰਵੀ ਕਾਹਲੋਂ ਓਲੰਪਿਕਸ ਵਿੱਚ ਭਾਗ ਲੈਣ ਵਾਲੀ ਕੈਨੇਡਾ ਦੀ ਹਾਕੀ ਟੀਮ ਦਾ ਪ੍ਰਸਿੱਧ ਖਿਡਾਰੀ ਹੈ। ਉਸ ਨੇ ਨਿਊ ਡੈਮੋਕ੍ਰੈਟਿਕ ਪਾਰਟੀ ਦੀ ਟਿਕਟ ਤੇ ਚੋਣ ਲੜ ਕੇ ਸਕਾਟ ਹਮਿਲਟਨ ਨੂੰ ਹਰਾਇਆ ਹੈ।

**ਬਰਨਬੀ ਐਡਮੰਡਜ਼ ਤੋਂ ਰਾਜ ਚੌਹਾਨ :**



ਪੰਜਾਬ ਵਿੱਚ ਜਨਮਿਆਂ ਰਾਜ ਚੌਹਾਨ 2005 ਤੋਂ ਵਿਧਾਨ ਸਭਾ ਦਾ ਮੈਂਬਰ ਬਣਦਾ ਆ ਰਿਹਾ ਹੈ। ਉਹ ਵਿਧਾਨ ਸਭਾ ਦਾ ਸਹਾਇਕ ਡਿਪਟੀ ਸਪੀਕਰ ਰਿਹਾ ਹੈ। ਉਹ ਮਨੁੱਖੀ ਹੱਕਾਂ ਦਾ ਜ਼ੋਰਦਾਰ ਸਮਰਥਕ ਹੈ।



**ਰਿਚਮੰਡ ਕੁਈਨਜ਼ਬਰੋ ਤੋਂ ਜੈਸ ਜੌਹਲ :** ਬ੍ਰਿਟਿਸ਼ ਕੋਲੰਬੀਆ ਲਿਬਰਲ ਪਾਰਟੀ ਦਾ ਜੈਸ ਜੌਹਲ ਲੰਮੇ ਸਮੇ ਤੱਕ ਗਲੋਬਲ ਬੀ.ਸੀ.ਦਾ ਟੈਲੇਵੀਜ਼ਨ ਜਰਨੇਲਿਸਟ ਰਿਹਾ ਹੈ।

## ਇੰਗਲੈਂਡ ਦੇ ਨਵੇਂ ਮੈਂਬਰ ਪਾਰਲੀਮੈਂਟ :

ਇੰਗਲੈਂਡ ਵਿੱਚ ਹੁਣੇ ਹੋਈਆਂ ਪਾਰਲੀਮੈਂਟ ਚੋਣਾਂ ਵਿੱਚ ਚਾਰ ਪੰਜਾਬੀ ਕਾਮਯਾਬ ਹੋਏ ਹਨ । ਇਨ੍ਹਾਂ ਦੇ ਵੇਰਵੇ ਹੇਠ ਅਨੁਸਾਰ ਹਨ-



**ਤਨਮਨਜੀਤ ਸਿੰਘ ਢੇਸੀ :** ਪੰਜਾਬ ਵਿੱਚ ਜਲੰਧਰ ਜ਼ਿਲ੍ਹੇ ਦੇ ਪਿੰਡ ਰਾਏਪੁਰ ਦੇ ਇਸ ਨੌਜਵਾਨ ਨੇ ਚੋਣ ਜਿੱਤ ਕੇ ਇੰਗਲੈਂਡ ਦੇ ਪਹਿਲੇ ਪਗੜੀਧਾਰੀ ਮੈਂਬਰ ਪਾਰਲੀਮੈਂਟ ਬਣਨ ਦਾ ਮਾਣ ਹਾਸਿਲ ਕੀਤਾ ਹੈ। ਉਸ ਨੇ ਮੁਢਲੀ ਪੜ੍ਹਾਈ ਜਲੰਧਰ ਤੋਂ ਕੀਤੀ ਅਤੇ ਫਿਰ ਯੂਨੀਵਰਸਿਟੀ ਆਫ਼ ਲੰਡਨ,ਔਕਸਫੋਰਡ ਅਤੇ ਕੈਂਬਰਿਜ ਯੂਨੀਵਰਸਟੀਆਂ ਤੋਂ ਉੱਚ ਸਿੱਖਿਆ ਹਾਸਿਲ ਕੀਤੀ। ਉਨ੍ਹਾਂ ਨੇ ਦੱਖਣੀ ਏਸ਼ੀਆ ਦੇ ਇਤਿਹਾਸ ਤੇ ਸਿਆਸਤ ਵਿੱਚ ਪੀ.ਐਚ.ਡੀ. ਕੀਤੀ ਅਤੇ ਗ੍ਰੇਵਸ਼ੈਮ ਸ਼ਹਿਰ ਦੇ ਪਹਿਲੇ ਸਿੱਖ ਮੇਅਰ ਬਣੇ।



<u>ਪ੍ਰੀਤ ਕੌਰ ਗਿੱਲ :</u> ਜਲੰਧਰ ਜ਼ਿਲ੍ਹੇ ਦੇ ਪਿੰਡ ਖੇੜਾ ਦੀ ਪ੍ਰੀਤ ਕੌਰ ਗਿੱਲ ਇੰਗਲੈਂਡ ਦੀ ਪਹਿਲੀ ਸਿੱਖ ਐਮ.ਪੀ. ਬਣੀ ਹੈ। ਉਨ੍ਹਾਂ ਦੇ ਪਿਤਾ ਸ.ਦਲਜੀਤ ਸਿੰਘ ਸ਼ੇਰਗਿੱਲ 1962

ਵਿੱਚ ਇੰਗਲੈਂਡ ਗਏ ਸਨ ਅਤੇ ਲੰਬੇ ਸਮੇ ਤੱਕ ਸਮੈਦਿਕ ਗੁਰੂਦੁਆਰਾ ਸਾਹਿਬ ਦੇ ਪ੍ਰਧਾਨ ਰਹੇ।



ਵਰਿੰਦਰ ਸ਼ਰਮਾ : ਜਲੰਧਰ ਸ਼ਹਿਰ ਦੇ ਹੀ ਸ੍ਰੀ ਸ਼ਰਮਾ ਲਗਾਤਾਰ ਚੌਥੀ ਵਾਰ ਐਮ.ਪੀ. ਬਣੇ ਹਨ।ਉਨ੍ਹਾਂ ਦੇ ਪਿਤਾ ਸ੍ਰੀ ਰਾਜ ਕੁਮਾਰ ਸ਼ਰਮਾ ਟਕਸਾਲੀ ਕਾਂਗਰਸੀ ਆਗੂ ਸਨ।ਉਨ੍ਹਾਂ ਨੇ ਇਸ ਚੋਣ ਵਿੱਚ 70% ਤੋਂ ਵੀ ਵੱਧ ਵੋਟਾਂ ਲਈਆਂ।



ਸੀਮਾ ਮਲਹੋਤਰਾ : ਆਪ ਵੀ ਜਲੰਧਰ ਸ਼ਹਿਰ ਦੇ ਨਿਊ ਜਵਾਹਰ ਨਗਰ ਖੇਤਰ ਨਾਲ ਸਬੰਧਿਤ ਹਨ।ਆਪ ਦਾ ਜਨਮ ਇੰਗਲੈਂਡ ਵਿੱਚ ਹੀ ਹੋਇਆ ਸੀ।

ਰਾਜਨੀਤਿਕ ਖੇਤਰ ਵਿੱਚ ਸਫ਼ਲਤਾਵਾਂ ਤੋਂ ਇਲਾਵਾ ਸਮਾਜਿਕ ਕਾਰਜਾਂ ਬਦਲੇ ਵੀ ਪੰਜਾਬੀਆਂ ਨੇ ਮਾਣ ਹਾਸਿਲ ਕੀਤੇ ਹਨ।



ਜਸਵੀਰ ਸਿੰਘ : ਇੰਗਲੈਂਡ ਦੇ ਸ਼ਹਿਰ ਲੰਡਨ ਦੀ 'ਸਿਟੀ ਸਿਖਸ' ਸੰਸਥਾ ਦੇ ਬਾਨੀ ਚੇਅਰਮੈਨ ਜਸਵੀਰ ਸਿੰਘ ਨੇ ' ਆਫ਼ੀਸਰ ਆਫ਼ ਦ ਮੋਸਟ ਐਕਸੀਲੈਂਟ ਓ ਬੀ ਈ 'ਹਾਸਲ ਕੀਤਾ ਹੈ।

ਬਰਿੰਦਰ ਸਿੰਘ ਮਾਹੋ : ਇੰਗਲੈਂਡ ਦੇ ਹੀ ਸਿੱਖ ਬਰਿੰਦਰ ਸਿੰਘ ਨੇ ਸਿੱਖਿਆ ਦੇ ਖੇਤਰ ਵਿੱਚ ਯੋਗਦਾਨ ਬਦਲੇ 'ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ' ਹਾਸਿਲ ਕੀਤਾ ਹੈ।



ਸਰਬਜੀਤ ਕੌਰ : ਇੰਗਲੈਂਡ ਵਿੱਚ ਮਰਸੀਸਾਈਡ ਪੁਲਿਸ ਦੀ ਡਿਟੈਕਟਿਵ ਸਾਰਜੈਂਟ ਸਰਬਜੀਤ ਕੌਰ ਨੂੰ ਵਧੀਆ ਪੁਲਿਸਿੰਗ ਸੇਵਾਵਾਂ ਕਾਰਨ 'ਮੈਂਬਰ ਆਫ਼ ਦ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ' ਸਨਮਾਨ ਦਿੱਤਾ ਗਿਆ ਹੈ।



ਨਿਮਰਤਾ ਰੰਧਾਵਾ : ਨਿੱਕੀ ਹੇਲੀ ਵਜੋਂ ਜਾਣੀ ਜਾਂਦੀ ਇਹ ਪੰਜਾਬੀ-ਅਮਰੀਕਨ ਯੂ.ਐਨ.ਓ. ਵਿੱਚ ਯੂ.ਐਸ.ਏ. ਦੀ ਐਮਬੈਸਡਰ ਹੈ।ਉਸ ਦਾ ਪਿਛੋਕੜ ਅੰਮ੍ਰਿਤਸਰ ਜ਼ਿਲ੍ਹੇ ਦਾ ਹੈ।ਉਸ ਦੇ ਪਿਤਾ ਸ.ਅਜੀਤ ਸਿੰਘ ਰੰਧਾਵਾ ਪੀ.ਏ.ਯੂ. ਲੁਧਿਆਣਾ ਵਿਖੇ ਪ੍ਰੋਫੇਸਰ ਸਨ ਜਦੋਂ ਉਹ ਪੀ.ਐਚ.ਡੀ ਦੀ ਡਿਗਰੀ ਲੈਣ ਲਈ ਕੈਨੇਡਾ ਚਲੇ ਗਏ ਅਤੇ ਬਾਅਦ ਵਿੱਚ ਅਮਰੀਕਾ ਦੇ ਸੂਬੇ ਸਾਊਥ ਕੈਰੋਲੀਨਾ ਵਿੱਚ ਜਾ ਵਸੇ।ਇੱਥੇ ਹੀ 20 ਜਨਵਰੀ 1972 ਨੂੰ ਨਿਮਰਤਾ ਦਾ ਜਨਮ ਹੋਇਆ।ਉਹ ਸਾਊਥ ਕੈਰੋਲੀਨਾ ਦੀ ਪਹਿਲੀ ਔਰਤ ਗਵਰਨਰ ਅਤੇ ਦੂਜੀ ਭਾਰਤੀ ਸੀ।ਉਹ ਅਕਾਊਂਟੇਂਸੀ ਦੀ ਬੈਚਲਰ ਆਫ਼ ਸਾਇੰਸ ਹੈ ।ਭਾਵੇਂ ਹੁਣ ਉਹ ਕ੍ਰਿਸ਼ਚੀਅਨ ਬਣ ਗਈ ਹੈ ਪਰੰਤੂ ਫਿਰ ਵੀ ਪੰਜਾਬਣ ਅਤੇ ਸਿੱਖ ਹੋਣ 'ਤੇ ਮਾਣ ਮਹਿਸੂਸ ਕਰਦੀ ਹੈ।



ਪਲਵਿੰਦਰ ਕੌਰ ਸ਼ੇਰਗਿੱਲ : ਐਡਵੋਕੇਟ ਪਲਵਿੰਦਰ ਕੌਰ ਸ਼ੇਰਗਿੱਲ ਕੈਨੇਡਾ ਸਰਕਾਰ ਨੇ ਸੁਪਰੀਮ ਕੋਰਟ ਆਫ ਬ੍ਰਿਟਿਸ਼ ਕੋਲੰਬੀਆਂ ਦੀ ਜੱਜ ਨਿਯੁਕਤ ਕੀਤਾ ਹੈ। ਉਹ ਪਹਿਲੀ ਦਸਤਾਰਧਾਰੀ ਹੈ ਜੋ ਇਸ ਉੱਚ ਅਹੁਦੇ ਤੇ ਪਹੁੰਚੀ ਹੈ। ਸ੍ਰੀਮਤੀ ਸ਼ੇਰਗਿੱਲ ਪੰਜਾਬ ਵਿੱਚ ਜਲੰਧਰ ਜ਼ਿਲ੍ਹੇ ਦੇ ਪਿੰਡ ਰੁੜਕਾ ਕਲਾਂ ਦੀ ਜੰਮਪਲ ਹੈ ਜੋ ਛੇ ਸੱਤ ਸਾਲ ਦੀ ਉਮਰ ਵਿੱਚ ਕੈਨੇਡਾ ਚਲੀ ਗਈ ਸੀ। 47 ਸਾਲਾ ਦੀ ਉਮਰ ਦੀ ਇਸ ਵਕੀਲ ਨੇ ਮਨੁੱਖੀ ਅਧਿਕਾਰਾਂ ਦੇ ਕਈ ਕੇਸ ਲੜੇ ਹਨ।

* * * * *

....ਸਫਾ 32 ਦੀ ਬਾਕੀ

ਪਿਆਰ ਦਾ ਭੁੱਖਾ ਹੈ,ਇੱਜ਼ਤ ਚਾਹੁੰਦਾ ਹੈ।ਅਜੋਕੇ ਪਦਾਰਥਵਾਦੀ ਯੁੱਗ ਵਿੱਚ ਹਰ ਵਿਅਕਤੀ ਕੋਲ ਸਮੇਂ ਦੀ ਘਾਟ ਹੈ ,ਪਰ ਕੱਲ੍ਹ ਨੂੰ ਉਨ੍ਹਾਂ ਨੇ ਵੀ ਕੰਮ ਕਾਰ ਤੋਂ ਰਿਟਾਇਰ ਹੋਣਾ ਹੈ।ਉਨ੍ਹਾਂ ਨੇ ਵੀ ਉਡੀਕਣਾ ਹੈ ਕਿ ਬੱਚੇ ਦੋ ਘੜੀਆਂ ਉਨ੍ਹਾਂ ਕੋਲ ਬੈਠ ਜਾਣ ਅਤੇ ਦੁੱਖ-ਸੁੱਖ ਸਾਂਝੇ ਕਰਨ।ਅੱਜ ਦੇ ਬੱਚੇ ਕੱਲ੍ਹ ਦੇ ਮਾਪੇ ਹਨ। ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਬਾਪ ਦਾ ਸੀਨਾ ਪੱਥਰ ਨਹੀਂ ਜੋ ਪਿਘਲਦਾ ਨਹੀਂ।

ਪਿਤਾ ਨਾਂ ਹੈ ਸਿੱਖਿਆ ਦਾ, ਖੁਸ਼ਹਾਲੀ ਦਾ, ਸਨਮਾਨ ਦਾ। ਪਿਤਾ ਦੂਸਰਾ ਨਾਂ ਹੈ ਸੁਪਨਿਆਂ ਦੇ ਬਲੀਦਾਨ ਦਾ।ਪਿਤਾ ਆਪਣੀਆਂ ਇੱਛਾਵਾਂ ਦੀ ਕੁਰਬਾਨੀ ਕਰਕੇ ਪਰਿਵਾਰ ਦੀਆਂ ਇੱਛਾਵਾਂ ਦੀ ਪੂਰਤੀ ਕਰਦਾ ਹੈ।ਪਿਤਾ ਖ਼ੂਨ 'ਚੋਂ ਨਿਕਲੇ ਹੋਏ ਸੰਸਕਾਰਾਂ ਦੀ ਮੂਰਤੀ ਹੈ। ਪਿਤਾ ਹੈ ਤਾਂ ਸਾਰਾ ਸੰਸਾਰ ਆਪਣਾ ਹੈ। ਪਿਤਾ ਦੇ ਬਗੈਰ ਜੀਵਨ ਇੱਕ ਸੁਪਨਾ ਹੈ।ਪਿਤਾ ਹੈ ਤਾਂ ਬਾਜ਼ਾਰ ਦੇ ਸਾਰੇ ਖਿਡੌਣੇ ਆਪਣੇ ਹਨ ।ਪਿਤਾ ਰੋਟੀ ਹੈ, ਕੱਪੜਾ ਹੈ, ਮਕਾਨ ਹੈ।ਪਿਤਾ ਛੋਟੇ ਜਿਹੇ ਪਰਿੰਦੇ ਦਾ ਵੱਡਾ ਆਸਮਾਨ ਹੈ।ਪਿਤਾ ਸ੍ਰਿਸ਼ਟੀ ਦੇ ਨਿਰਮਾਣ ਦੀ ਅਭਿਵਿਅਕਤੀ ਹੈ ।ਪਿਤਾ ਸਦਾ ਸੁਰੱਖਿਆ ਪ੍ਰਦਾਨ ਕਰਦਾ ਹੈ। ਪਿਤਾ ਬੱਚੇ ਨੂੰ ਮੁਸਕ੍ਰਾਉਂਦਾ ਦੇਖਣ ਲਈ ਆਪਣਾ ਦਰਦ ਛੁਪਾਉਂਦਾ ਹੈ।ਪਿਤਾ ਆਪਣੇ ਬੱਚੇ ਦੀ ਸਫ਼ਲਤਾ ਵੇਖ ਕੇ ਸਵੈਮਾਨ ਨਾਲ ਸਿਰ ਉੱਚਾ ਕਰਦਾ ਹੈ। ਪਿਤਾ ਪਾਲਕ ਹੈ, ਪੋਸ਼ਕ ਹੈ, ਪਰਿਵਾਰ ਦਾ ਅਨੁਸ਼ਾਸਨ ਹੈ।ਪਿਤਾ ਧੌਂਸ ਨਾਲ ਚੱਲਣ ਵਾਲਾ ਪ੍ਰੇਮ ਦਾ ਪ੍ਰਸ਼ਾਸਨ ਹੈ। ਇਸ ਲਈ ਪਿਤਾ ਦੀ ਭਗਤੀ ਤੇ ਸ਼ਕਤੀ ਨੂੰ ਪਛਾਣੋ ਅਤੇ ਉਸ ਨੂੰ ਬਣਦਾ ਸਨਮਾਨ ਦਿਓ।

( ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ )



ਤੰਦਰੁਸਤੀ ਲਈ ਯੋਗ ਸਿੱਖਿਆ

# ਯੋਗ ਆਸਣ ਕਿਵੇਂ ਕਰੀਏ ?

ਰਾਜਿੰਦਰ ਸੈਣੀ
ਰੂਪਨਗਰ

ਪਿੱਛਲੇ ਅੰਕ ਤੋਂ ਚਲਦਾ--

25ਵੇਂ ਅੰਕ ਵਿੱਚ ਪਿੱਠ ਦੇ ਬਲ ਕੀਤੇ ਜਾਣ ਵਾਲੇ ਚੋਣਵੇਂ ਆਸਣ ਦਾ ਜ਼ਿਕਰ ਹੈ। ਇਸ ਅੰਕ ਵਿੱਚ ਵੀ ਪਿੱਠ ਦੇ ਬਲ ਕੀਤੇ ਜਾਣ ਵਾਲੇ ਕੁੱਝ ਹੋਰ ਚੋਣਵੇਂ ਆਸਣ ਦਾ ਜ਼ਿਕਰ ਹੈ।

## ਪਿੱਠ ਦੇ ਬਲ ਕੀਤੇ ਜਾਣ ਵਾਲੇ ਆਸਣ :

**ਹੱਲ ਆਸਣ:-** ਇਸ ਆਸਣ ਵਿੱਚ ਸਰੀਰ ਦੂੀ ਸਥਿਤੀ ਕਿਸਾਨ ਦੇ ਹੱਲ ਜਿਹੀ ਬਣਨ ਦੇ ਕਾਰਨ ਇਸ ਨੂੰ ਹੱਲ ਆਸਣ ਕਹਿੰਦੇ ਹਨ। ਰੀੜ੍ਹ ਨੂੰ ਖਿਚਾਅ ਦੇਣਾ ਇਸਦਾ ਮੁੱਖ ਕੰਮ ਹੈ। ਇਸ ਨਾਲ ਕਈ ਗ੍ਰੰਥੀਆਂ ਵੀ ਪ੍ਰਭਾਵਿਤ ਹੁੰਦੀਆ ਹਨ। ਰੀੜ੍ਹ ਤਿੰਨ ਇੰਚ ਤੋਂ ਜ਼ਿਆਦਾ ਲੰਬਾਈ ਵਿੱਚ ਖਿਚਣ ਨਾਲ ਸਿਹਤਮੰਦ ਅਤੇ ਲਚਕੀਲੀ ਬਣਦੀ ਹੈ। ਇਸ ਨਾਲ ਕੱਦ ਨੂੰ ਵਧਣ ਵਿੱਚ ਵੀ ਮੱਦਦ ਮਿਲਦੀ ਹੈ। ਹੱਡੀਆਂ ਤੋਂ ਕੈਲਸ਼ੀਅਮ ਬਾਹਰ ਨਹੀਂ ਆਉਂਦਾ। ਜਿਸਦੇ ਕਾਰਣ ਇਨ੍ਹਾਂ ਵਿੱਚ ਛੇਕਾਂ (ਮੋਰੀਆਂ) ਦਾ ਦੋਸ਼ ਜਾਂ ਕੜਾਪਨ ਨਹੀਂ ਹੁੰਦਾ। ਨਾਲ ਹੀ ਹੱਡੀਆਂ ਵਿੱਚ ਖੂਨ ਉਚਿੱਤ ਮਾਤਰਾ ਵਿੱਚ ਪਹੁੰਚਦਾ ਹੈ। ਸਾਰੀਆਂ ਗ੍ਰੰਥੀਆਂ - ਥਾਈਰਾਇਡ, ਗੁਰਦੇ, ਤਿੱਲੀ, ਜ਼ਿਗਰ, ਪੈਨੀਕਿਰਿਆਜ਼, ਇਸ ਆਸਣ ਵਿੱਚ ਸੁੰਗੜਦੀਆਂ ਹਨ, ਵਾਪਸ ਆਉਣ ਤੇ ਖੁਲ੍ਹ ਜਾਂਦੀ ਹੈ। ਸਰੀਰ ਵਿੱਚ ਹਲਕਾਪਨ ਆਉਂਦਾ ਹੈ। ਫੇਫੜਿਆਂ ਉਤੇ ਆਂਤਰਿਕ ਦਬਾਅ ਪੈਣ ਨਾਲ ਜਿਆਦਾ ਤੋਂ ਜਿਆਦਾ ਕਾਰਬਨ ਡਾਇਆਕਸਾਇਡ ਬਾਹਰ ਨਿਕਲ ਜਾਂਦੀ ਹੈ। ਵਾਪਸੀ ਵਿੱਚ ਸ਼ੁਧ ਹਵਾ ਭਰਨ ਨਾਲ ਫੇਫੜਿਆਂ ਦੀ ਕਾਰਜ ਸ਼ਕਤੀ ਵਧ ਜਾਂਦੀ ਹੈ। ਹਿਰਦੇ ਦਾ ਪੋਸਣ ਹੁੰਦਾ ਹੈ ਅਤੇ ਹਿਰਦੇ ਦੇ ਆਕਾਰ ਵਿੱਚ ਬੇਲੋੜਾ ਵਾਧਾ ਨਹੀਂ ਹੁੰਦਾ। ਪੈਨਕਿਰਿਆਜ਼ ਪ੍ਰਭਾਵਿਤ ਹੋਣ ਨਾਲ ਸ਼ੂਗਰ ਦਾ ਰੋਗ ਠੀਕ ਹੁੰਦਾ ਹੈ। ਮੋਟਾਪਾ ਘੱਟ ਕਰਨ ਵਿੱਚ ਵੀ ਇਹ ਬਹੁਤ ਉਪਯੋਗੀ ਹੈ। ਬਾਂਝਪਨ ਨੂੰ ਵੀ ਦੂਰ ਕਰਦਾ ਹੈ।

ਵਿਧੀ- ਪਿੱਠ ਦੇ ਬਲ ਆਸਣ ਉਤੇ ਲੇਟ ਜਾਓ। ਲੱਤਾਂ ਸਿੱਧੀਆਂ ਫੈਲਾਂਦੇ ਹੋਏ ਅੱਡੀ ਅਤੇ ਪਮਜੇ ਮਿਲਾ ਲਵੋ। ਪੰਜੀਆਂ ਨੂੰ ਅੱਗੇ ਵੱਲ ਤਾਣੋ। ਦੋਨੋ ਹੱਥਾਂ ਦੀਆਂ ਹਥੇਲੀਆਂ ਸਰੀਰ ਦੇ ਕੋਲ ਰੱਖੋ। ਹਥੇਲੀਆਂ ਦਾ ਰੁਖ ਜਮੀਨ ਵੱਲ ਹੋਵੇ। ਸਰੀਰ ਵਿੱਚ ਪੂਰਾ ਖਿਚਾਓ ਰਖੋ। ਸਾਹ ਭਰਦੇ ਹੋਏ ਹੌਲੀ ਹੌਲੀ ਪੈਰਾ ਨੂੰ ਉਪਰ ਚੁੱਕੋ, ਸਾਹ ਨੂੰ ਛਡਦੇ ਹੋਏ ਅਤੇ ਹਥੇਲੀਆਂ ਉੱਤੇ ਦਬਾਅ ਦਿੰਦੇ ਹੋਏ ਪੰਜਿਆਂ ਨੂੰ ਸਿਰ ਵੱਲ ਲੈ ਜਾਓ, ਹੌਲੀ ਹੌਲੀ ਪੰਜਿਆਂ ਨੂੰ ਜਮੀਨ ਨਾਲ ਲਗਾ ਦਿਓ। ਇਸ ਸਥਿਤੀ ਵਿੱਚ ਕਮਰ ਜਮੀਨ ਤੋਂ ਉਪਰ ਉਠ ਜਾਏਗੀ। ਯਥਾਸ਼ਕਤੀ ਪੰਜਿਆਂ ਨੂੰ ਅੱਗੇ ਵੱਲ ਲਿਆਉਣ ਦੀ ਕੋਸ਼ਿਸ਼ ਕਰੋ। ਠੋਡੀ ਕੰਠਕੂਪ ਨਾਲ ਲੱਗਾਓ। ਦੋਨੋਂ ਹੱਥ ਜ਼ਮੀਨ ਨਾਲ ਚਿਪਕੇ ਰਹਿਣ ਅਤੇ ਉਨ੍ਹਾਂ ਨੂੰ ਨੇੜੇ ਤੋਂ ਨੇੜੇ ਲਿਆਓ ਅਤੇ ਉਂਗਲੀਆਂ ਅੰਗੂਠੇ ਮਿਲਾ ਕੇ ਸਾਹ ਸਮਾਨ ਰੱਖੋ।

ਵਾਪਿਸ ਆਓਣ ਤੇ ਬਹੁਤ ਸਾਵਧਾਨੀ ਵਰਤੋਂ , ਹੌਲੀ ਹੌਲੀ ਹਥੇਲੀਆਂ ਉਤੇ ਸਰੀਰ ਦਾ ਭਾਰ ਸੰਤੁਲਿਤ ਕਰਦੇ ਹੋਏ ਰੀੜ੍ਹ ਦੀ ਇਕ ਇਕ ਗੋਟੀ ਨੂੰ ਧਰਤੀ ਨਾਲ ਲਗਾਓ। ਪੂਰੀ ਕਮਰ ਜਦੋਂ ਜ਼ਮੀਨ ਉਤੇ ਆ ਜਾਏ ਤਾਂ ਦੋਨਾਂ ਪੈਰਾਂ ਨੂੰ ਬਹੁਤ ਮੰਦ ਗਤੀ ਨਾਲ ਜ਼ਮੀਨ ਵੱਲ ਲਿਆਓ ਅਤੇ ਅੱਡੀਆਂ ਨੂੰ ਕੋਮਲਤਾ ਨਾਲ ਜ਼ਮੀਨ ਉਤੇ ਰੱਖ ਦਿਓ। ਵਾਪਸ ਆਉਣ ਤੇ ਸਰੀਰ ਨੂੰ ਢਿੱਲਾ ਛੱਡ ਦਿਓ ਅਤੇ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ-ਵਿਸ਼ੁਧੀ ਚੱਕਰ।

**ਸਰਵਾਂਗ ਆਸਣ:-** ਦੂਜੇ ਆਸਣਾਂ ਵਿੱਚ ਇਕ ਦੋ ਪ੍ਰਮੁਖ ਅੰਗ ਪ੍ਰਭਾਵਿਤ ਹੁੰਦੇ ਹਨ, ਪਰੰਤੂ ਇਸ ਵਿੱਚ ਸਾਰੇ ਅੰਗ ਪ੍ਰਭਾਵਿਤ ਹੁੰਦੇ ਹਨ। ਇਸ ਲਈ ਇਸ ਨੂੰ ਸਰਵਾਂਗ ਆਸਣ ਕਹਿੰਦੇ ਹਨ।ਇਸ ਨੂੰ ਸਭ ਆਸਣਾਂ ਤੋਂ ਬਾਅਦ ਕੀਤਾ ਜਾਂਦਾ ਹੈ। ਕਾਰਨ- ਬਾਕਿ ਆਸਣ ਕਰਦੇ ਕਰਦੇ ਸਰੀਰ ਗਰਨ ਹੋ ਜਾਂਦਾ ਹੈ ਜਿਸ ਨਾਲ ਇਸ ਨੂੰ ਕਰਨ ਵਿੱਚ ਅਤੇ ਇਸ ਦੇ ਚੰਗੇ ਪ੍ਰਭਾਵਾਂ ਨੂੰ ਪ੍ਰਾਪਤ ਕਰਨ ਵਿੱਚ ਸੁਵਿਧਾ ਹੁੰਦੀ ਹੈ। ਇਸਦੇ ਅਭਿਆਸ ਨਾਲ ਮਸਤੱਕ, ਸਾਹ ਪ੍ਰਣਾਲੀ, ਰਕਤ ਪ੍ਰਣਾਲੀ, ਕੰਠ, ਪੇਟ ਅਤੇ ਸਰੀਰਕ ਖੂਬਸੂਰਤੀ ਤੇ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਬੱਚਿਆਂ, ਨੋਜਵਾਨਾਂ, ਬਜ਼ੁਰਗਾਂ ਅਤੇ ਇਸਤਰੀਆਂ ਲਈ ਇਸਦਾ ਅਭਿਆਸ ਉਪਯੋਗੀ ਹੈ। ਹਾਲ ਆਂਸਣ ਦਾ ਵਧੀਆ ਅਭਿਆਸ ਕਰਨ ਤੋਂ ਬਾਅਦ ਸਰਵਾਂਗ ਆਸਣ ਚੰਗੀ ਤਰ੍ਹਾਂ ਹੋਣ ਲੱਗਦਾ ਹੇ। ਸਰੀਰ ਦੇ ਬਿਲਕੁਲ ਸਿੱਧਾ ਹੋਣ ਨਾਲ ਮੇਰੂਦੰਡ ਦਾ ਸਰਵਾਇਕਲ ਭਾਗ, ਜਿੱਥੇ ਸਭ ਤੋਂ ਵੱਧ ਨਾੜੀਆਂ ਦਾ ਜਾਲ ਵਿਛਿਆ ਹੈ ਅਤੇ ਜੋ ਮਸਤੱਕ ਦੇ ਪਿਛਲੇ ਭਾਗ ਤੱਕ ਚਲਾ ਜਾਂਦਾ ਹੈ, ਉਹ ਪ੍ਰਭਾਵਿਤ ਹੋ ਕੇ ਰੁਕਾਵਟ ਰਹਿਤ, ਸਚੇਤ ਅਤੇ ਸਸ਼ਕਤ ਬਣ ਜਾਂਦਾ ਹੈ। ਮਸਤੱਕ ਨੂੰ ਖੂਨ ਦੀ ਭਰਪੂਰ ਸਪਲਾਈ ਹੋਣ ਨਾਲ ਇਹ ਪੁਸ਼ਟ ਹੋ ਜਾਂਦਾ ਹੈ। ਮਸਤੱਕ ਦੀ ਰਕਤ ਨਾਲ ਸਿੰਚਾਈ ਹੋਣ ਨਾਲ ਮਸਤੱਕ ਵਿੱਚ ਰਕਤਵਾਹਨੀ ਦੀਆਂ ਸਾਰੀਆਂ ਰੁਕਾਵਟਾਂ , ਜੋ ਸਿਰਦਰਦ ਦਾ ਕਾਰਨ ਬਣਦੀਆਂ ਹਨ, ਦੂਰ ਹੁੰਦੀਆਂ ਹਨ। ਇਸ ਨਾਲ ਪੂਰੇ ਸਰੀਰ ਦੀਆਂ ਨਸ ਨਾੜੀਆਂ ਦਾ ਰਕਤ ਨਾਲ ਇਸ਼ਨਾਨ ਹੋ ਜਾਂਦਾ ਹੈ। ਫੇਫੜਿਆਂ ਅਤੇ ਪੇਟ ਸਬੰਧੀ ਅੰਗਾਂ ਵਿੱਚ ਚੇਤਨਾ ਅਤੇ ਸ਼ਕਤੀ ਦਾ ਸੰਚਾਰ ਹੁੰਦਾ ਹੈ, ਜਿਸ ਕਾਰਣ ਦਮੇ ਦਾ ਰੋਗ ਨਹੀਂ ਹੁੰਦਾ। ਹਿਰਦਾ, ਫੇਫੜੇ ਅਤੇ ਮਸਤੱਕ ਵਿੱਚ ਰਕਤ ਪੂਰਨ ਮਾਤਰਾ ਵਿੱਚ ਪਹੁੰਚਦਾ ਹੈ। ਟਾਂਸਿਲ ਆਦਿ ਗਲੇ ਦੇ ਸਾਰੇ ਵਿਕਾਰ ਤਾਂ ਦੂਰ ਹੁੰਦੇ ਹੀ ਹਨ, ਇਸ ਦੇ ਨਾਲ ਕੰਠ ਮਧੁਰ ਬਣਦਾ ਹੈ ਅਤੇ ਅੱਕ, ਨੱਕ, ਕੰਨ ਆਦਿ ਵੀ ਸਵਸਥ ਹੁੰਦੇ ਹਨ। ਸੰਪੂਰਨ ਅੰਗਾਂ ਵਿੱਚ ਸ਼ੁਧ ਰਕਤ ਪਹੁੰਚਣ ਨਾਲ ਵਾਲਾਂ ਦੀਆਂ ਜੜ੍ਹਾਂ ਵਿੱਚ ਰਕਤ ਦਾ ਪੋਸ਼ਣ ਹੋਣ ਨਾਲ ਵਾਲਾਂ ਦਾ ਝੜਨਾ ਅਤੇ ਜਲਦ ਸਫੇਦ ਹੋਣਾ

ਰੁਕ ਜਾਂਦਾ ਹੈ। ਸਰੀਰ ਦਾ ਪੂਰਾ ਰਕਤ ਸਾਰੇ ਅੰਗਾਂ ਤੋਂ ਮਸਤੱਕ ਵੱਲ ਜਾਂਦਾ ਹੈ ਅਤੇ ਵਾਪਸ ਆਓਣ ਨਾਲ ਸਾਰੇਅੰਗਾਂ ਦਾ ਨਵੀਨੀਕਰਨ ਹੋ ਜਾਂਦਾ ਹੈ।

ਵਿਧੀ-ਕਮਰ ਦੇ ਬਲ ਆਸਣ ਉਤੇ ਲੇਟ ਜਾਓ। ਲੱਤਾਂ ਨੂੰ ਸਿੱਧਾ ਕਰੋ। ਅੱਡੀ ਅਤੇ ਪੰਜੇ ਨੂੰ ਮਿਲਾ ਕੇ ਪੰਜਿਆਂ ਨੂੰ ਅੱਗੇ ਵੱਲ ਤਾਣੋ। ਦੋਨੋ ਹੱਥ ਸਰੀਰ ਦੇ ਨਾਲ ਪੂਰੇ ਖਿਚਾਅ ਦੀ ਸਥਿਤੀ ਵਿੱਚ ਰੱਖੋ। ਹਥੇਲੀਆਂ ਦਾ ਰੁਖ ਜ਼ਮੀਨ ਵੱਲ ਹੋਵੇ। ਸਿਰ ਤੋਂ ਲੈ ਕੇ ਪੰਜਿਆਂ ਤੱਕ ਸਾਰਾ ਸਰੀਰ ਸਿੱਧਾ ਤੇ ਤਣਿਆ ਹੋਇਆ ਹੋਵੇ। ਸਾਹ ਭਰਦੇ ਹੋਏ ਪੰਜਿਆਂ ਨੂੰ ਬਹੁਤ ਹੌਲੀ ਹੌਲੀ ਉਪਰ ਵੱਲ ਚੁੱਕੋ। 90 ਦੇ ਕੋਣ ਤੇ ਪੈਰਾਂ ਨੂੰ ਕੁਝ ਸਮੇਂ ਦੇ ਲਈ ਰੋਕ ਦਿਓ। ਸਾਹ ਛੱਡਦੇ ਹੋਏ ਅਤੇ ਹਥੇਲੀਆਂ ਉਤੇ ਜ਼ੋਰ ਦਿੰਦੇ ਹੋਏ, ਆਪਣੇ ਪੈਰਾਂ ਨੂੰ ਸਿਰ ਵੱਲ, ਪ੍ਰਿਥਵੀ ਦੇ ਸਮਾਨਾਂਤਰ ਲੈ ਆਓ। ਸਾਹ ਨੂੰ ਸੁਭਾਵਿਕ ਸਥਿਤੀ ਵਿੱਚ ਲਿਆਓਂਦੇ ਹੋਏ ਇਸ ਸਥਿਤੀ ਵਿੱਚ ਕੁਝ ਸਮਾਂ ਰੁਕੋ। ਇਸ ਸਥਿਤੀ ਵਿੱਚ ਪੰਜਿਆਂ ਦਾ ਤਣਾਅ ਬਰਾਬਰ ਬਣਿਆ ਰਹੇ। ਗੋਡੇ ਵੀ ਸਿੱਧੇ ਰਹਿਣ।ਦੋਨੋਂ ਹੱਥਾਂ ਨਾਲ ਕਮਰ ਨੂੰ ਸਹਾਰਾ ਦਿੰਦੇ ਹੋਏ ਹੌਲੀ ਹੌਲੀ ਪੰਜਿਆਂ ਨੂੰ ਓਅਸਮਾਨ ਵੱਲ ਤਾਣੋ। ਕਮਰ ਉਤੇ ਪੂਰੀਆਂ ਹਥੇਲੀਆਂ ਹੇਠਾਂ ਤੋਂ ਹੇਠਾਂ ਇਸ ਪ੍ਰਕਾਰ ਰੱਖੋ ਕਿ ਮੋਢਿਆਂ ਉਤੇ ਸਾਰਾ ਸਰੀਰ ਇਕ ਦਮ ਸਿੱਧਾ ਹੋ ਜਾਵੇ। ਛਾਤੀ ਨੂੰ ਠੋਡੀ ਨਾਲ ਲੱਗਾਓ। ਪੰਜਿਆਂ ਨੂੰ ਢਿੱਲਾ ਕਰ ਦਿਓ ਅਤੇ ਆਸਣ ਵਿੱਚ ਸਿਥਰ ਹੋ ਕੇ ਯਥਾਸ਼ਕਤੀ ਰੁੱਕੋ। ਸਾਹ ਸਮਾਨ ਰਹੇਗਾ। ਇਸ ਆਸਣ ਵਿੱਚ ਚੰਗਾ ਅਭਿਆਸ ਹੋ ਜਾਏ ਤਾਂ ਮੂਲਬੰਧ ਅਤੇ ਜਲੰਧਰ ਬੰਧ ਲਗਾਉਣ ਨਾਲ ਇਸਦੇ ਲਾਭ ਬਹੁਤ ਜ਼ਿਆਦਾ ਵਧ ਜਾਂਦੇ ਹਨ।

ਪੰਜਿਆਂ ਨੂੰ ਤਾਣਦੇ ਹੋਏ ਗੋਡਿਆਂ ਨੂੰ ਸਿੱਧਾ ਰੱਖਦੇ ਹੋਏ ਹੌਲ਼ੀ ਹੌਲੀ ਪੈਰਾਂ ਨੂੰ ਸਿਰ ਵੱਲ ਅਤੇ ਜ਼ਮੀਨ ਦੇ ਸਮਾਨਾਂਤਰ ਲੈ ਆਓ। ਹੱਥਾਂ ਨੂੰ ਸਿੱਧਾ ਕਰਕੇ ਪਹਿਲੀ ਸਥਿਤੀ ਵਿੱਚ ਨੇੜੇ ਤੋਂ ਨੇੜੇ ਰੱਖੋ। ਕੁਝ ਸਮਾਂ ਰੁਕਣ ਤੋਂ ਬਾਅਦ ਹਥੇਲੀਆਂ ਉਤੇ ਪੂਰੇ ਸਰੀਰ ਦਾ ਭਾਰ ਨਿਯੰਤ੍ਰਿਤ ਕਰਦੇ ਹੋਏ ਰੀੜ੍ਹ ਦੀ ਇਕ ਇਕ ਗੋਟੀ ਨੂੰ ਹੌਲੀ ਹੌਲੀ ਧਰਤੀ ਉਤੇ ਲਗਾਓਂਦੇ ਹੋਏ ਅੱਡੀਆਂ ਨੂੰ ਸਹਿਜ ਭਾਵ ਨਾਲ ਧਰਤੀ ਉਤੇ ਰੱਖੋ। ਸਰੀਰ ਢਿੱਲਾ ਛੱਡ ਦਿਓ ਅਤੇ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ ਵਿਸ਼ੁਧੀ ਚੱਕਰ। ਇਸ ਆਸਣ ਵਿੱਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਆਸਣ ਦੀ ਪੂਰੀ ਸਥਿਤੀ ਵਿੱਚ ਸਥਿਰ ਰਹਿਣਾ ਅਤੇ ਕੰਪਨ ਨਹੀਂ ਕਰਨੀ। ਇਸ ਆਸਣ ਵਿੱਚ ਪੈਰਾਂ ਨੂੰ ਘੁਮਾਉਣ ਅਤੇ ਖੋਲਣ ਦੀ ਕਿਰਿਆ ਨਹੀਂ ਕਰਨੀ ਚਾਹਦੀ, ਕਿਉਂਕਿ ਜੋ ਰਕਤ ਸਰੀਰ ਦੇ ਉਪਰਲੇ ਅੰਗਾਂ ਤੱਕ ਪਹੁੰਚਦਾ ਹੈ ਪੈਰਾਂ ਨੂੰ ਹਰਕਤ ਦੇਣ ਨਾਲ ਉਹ ਲਾਭ ਪੂਰਨ ਰੂਪ ਵਿੱਚ ਨਹੀਂ ਮਿਲਦਾ।

ਮਤੱਸਿਆਸਣ:- ਇਸ ਆਸਣ ਵਿੱਚ ਮਛਲੀ ਜਿਹੀ ਸਥਿਤੀ ਸਰੀਰ ਦੀ ਬਣਦੀ ਹੈ, ਇਸ ਲਈ ਇਸ ਨੂੰ ਮਤੱਸਿਆਸਣ ਕਹਿੰਦੇ ਹਨ। ਫੇਫੜੇ, ਪੇਟ ਅਤੇ ਰੀੜ੍ਹ ਨੂੰ ਵਿਸ਼ੇਸ਼ ਤੌਰ ਤੇ ਇਹ ਆਸਣ ਪਭਾਵਿਤ ਕਰਦਾ ਹੈ।ਗਰਦਨ ਨੂੰ ਪਿਛੇ ਵੱਲ ਮੋੜਣ ਨਾਲ ਸਾਹ ਨਲੀ ਦੇ ਛੇਕ ਵਿੱਚ ਕੋਈ ਰਕਾਵਟ ਨਹੀਂ ਰਹਿੰਦੀ। ਉਸਦਾ ਮੂੰਹ ਵੀ ਚੌੜਾ ਹੋ ਜਾਂਦਾ ਹੈ। ਜਿਸ ਨਾਲ ਫੇਫੜਿਆਂ ਵਿੱਚ ਪ੍ਰਾਣ-ਵਾਯੂ ਵੱਧ ਗ੍ਰਹਿਣ ਕਰਨ ਦੀ ਸਮਰਥਾ ਵੱਧ ਜਾਂਦੀ ਹੈ। ਖੂਨ ਸ਼ੁੱਧ ਹੁੰਦਾ ਹੈ, ਫੇਫੜੇ ਵੀ ਪੁਸ਼ਟ ਹੁੰਦੇ ਹਨ। ਸਾਹ ਸਬੰਧੀ ਰੋਗ- ਦਮਾ, ਖਾਂਸੀ ਅਤੇ ਸਾਹ ਨਲੀ ਵਿੱਚ ਸੂਜਨ ਆਦਿ ਦੇ ਰੋਗ ਨਹੀਂ ਹੁੰਦੇ। ਪਾਚਨ ਅੰਗਾਂ ਵਿੱਚ ਸੁਧਾਰ ਹੁੰਦਾ ਹੈ ਤੇ ਕਬਜ ਟੁੱਟਦੀ ਹੈ। ਰੀੜ੍ਹ ਸਵਸਥ ਅਤੇ ਲਚਕੀਲੀ ਬਣਦੀ ਹੈ ਅਤੇ ਕਮਰ ਦਰਦ ਦੂਰ ਹੁੰਦਾ ਹੈ। ਛਾਤੀ ਚੌੜੀ ਹੁੰਦੀ ਹੈ। ਪਦਮਾਸਣ ਲੱਗਾ ਕੇ ਇਸਦਾ ਅਭਿਆਸ ਕਰਨ ਵਿੱਚ ਗਠੀਆ, ਟਾਂਸਿਲ, ਸ਼ੂਗਰ, ਮਸਤੱਕ ਵਿਕਾਰ ਅਤੇ ਨੱਕ ਕੰਨ ਦੇ ਰੋਗ ਵੀ ਨਸ਼ਟ ਹੁੰਦੇ ਹਨ। ਗਰਦਨ ਨੂੰ ਸੱਜੇ ਖੱਬੇ ਅਤੇ ਗੋਲਾਕਾਰ ਘੁਮਾਉਣ ਨਾਲ ਸ੍ਰਵਾਇਕਲ ਖੇਤਰ ਦੇ ਨਾਲ ਮਸਤੱਕ ਨੂੰ ਰਕਤ ਪਹੁੰਚਾਉਣ ਵਾਲੀਆਂ ਨਾੜੀਆਂ ਵਿੱਚ ਹੋਣ ਵਾਲੀਆਂ ਰੁਕਾਵਟਾਂ ਦੂਰ ਹੁੰਦੀਆਂ ਹਨ।

ਵਿਧੀ-ਕਮਰ ਦੇ ਬਲ ਲੇਟ ਜਾਓ। ਪਦਮਾਸਣ ਲੱਗਾਓ। ਦੋਨੋ ਪੰਜਿਆਂ ਨੂੰ ਪਕੜ ਕੇ ਥੋੜ੍ਹਾ ਆਪਣੇ ਵੱਲ ਇਸ ਪ੍ਰਕਾਰ ਖਿੱਚੋ ਕਿ ਕੂਹਣੀਆਂ ਧਰਤੀ ਉਤੇ ਲਾਗ ਜਾਣ। ਸਾਹ ਨੂੰ ਗਹਿਰਾ ਬਣਾਓ। ਇਸ ਸਥਿਤੀ ਵਿੱਚ ਕੁਝ ਸਮਾਂ ਰੁਕੋ। ਦੋਨੋ ਹੱਥਾਂ ਨੂੰ ਮੋਢਿਆਂ ਦੇ ਕੋਲ ਰਖਦੇ ਹੋਏ ਗਰਦਨ ਨੂੰ ਵੱਧ ਤੋਂ ਵੱਧ ਪਿੱਛੇ ਵੱਲ ਮੋੜੋ। ਸਿਰ ਦੇ ਮੱਥੇ ਦੇ ਨੇੜੇ ਵਾਲਾ ਭਾਗ ਧਰਤੀ ਨਾਲ ਲੱਗ ਜਾਏ। ਦੋਨੋਂ ਹੱਥਾਂ ਨਾਲ ਫਿਰ ਪੈਰਾਂ ਦੇ ਪੰਜਿਆਂ ਨੂੰ ਪਕੜ ਲਓ। ਨਿਤੰਭਾਂ ਨੂੰ ਵੀ ਚੱਕ ਲਓ। ਕੁਝ ਦੇਰ ਬਾਅਦ ਨਿਤੰਭਾਂ ਨੂੰ ਅਤੇ ਫਿਰ ਕੂਹਣੀਆਂ ਨੂੰ ਧਰਤੀ ਉਤੇ ਰੱਖ ਦਿਓ।ਹੱਥਾਂ ਨੂੰ ਸਹਾਰਾ ਦੇ ਕੇ ਗਰਦਨ ਨੂੰ ਸਿੱਧਾ ਕਰ ਦਿਓ। ਕੁਝ ਸਮਾਂ ਇਸ ਅਵਸਥਾ ਨੂੰ ਬਣਾਈ ਰੱਖੋ। ਇਸ ਉਪਰੰਤ ਦੋਨੋਂ ਹੱਥਾਂ ਨੂੰ ਨਿਤੰਭਾਂ ਦੇ ਹੇਠਾਂ ਰੱਖੋ। ਹਥੇਲੀਆਂ ਦਾ ਰੁਖ ਧਰਤੀ ਵੱਲ ਰਹੇ। ਕੂਹਣੀਆਂ ਦੇ ਬਲ ਆਪਣੇ ਧੜ ਨੂੰ ਉਪਰ ਚੁੱਕ ਲਓ। ਗੋਡਿਆਂ ਨੂੰ ਵੀ ਥੌੜਾ ਜਿਹਾ ਚੁੱਕ ਲਓ। ਗਰਦਨ ਨੂੰ ਹੌਲੀ ਹੌਲੀ ਸੱਜੇ ਫਿਰ ਖੱਬੇ ਅਤੇ ਗੋਲਾਕਾਰ, ਫਿਰ ਸੱਜੇ ਤੋਂ ਖੱਬੇ, ਫਿਰ ਖੱਬੇ ਤੋਂ ਸੱਜੇ ਘੁਮਾਓ। ਅੰਤ ਵਿੱਚ ਗਰਦਨ ਨੂੰ ਸਿੱਧਾ ਕਰੋ ਪਦਮਾਸਣ ਖੋਲੋ, ਸਰੀਰ ਨੂੰ ਢਿੱਲਾ ਕਰਕੇ ਵਿਸ਼ਰਾਮ ਕਰੋ। ਧਿਆਨ ਦਾ ਕੇਂਦਰ- ਵਿਸ਼ੁਧੀ ਚੱਕਰ।ਇਸ ਵਿੱਚ ਧਿਆਂਨ ਦੇਣ ਯੋਗ ਗੱਲ ਇਹ ਹੈ ਕਿ ਇਸ ਆਸਣ ਦੀ ਪੂਰਨ ਅਵਸਥਾ ਵਿੱਚ ਨਿਤੰਭਾਂ ਨੂੰ ਜਿਆਦਾ ਤੋਂ ਜਿਆਦਾ ਉਪਰ ਚੁੱਕੋ। ਇਸ ਨਾਲ ਰੀੜ੍ਹ ਜ਼ਿਆਦਾ ਸਵਸਥ ਅਤੇ ਲਚਕੀਲੀ ਬਣਦੀ ਹੈ। ਗ੍ਰੀਵਾਚਾਲਨ ਦੀ ਕਿਰਿਆ ਜਿੰਨੀ ਹੌਲੀ ਹੌਲੀ ਕਰਾਂਗੇ ਉਨ੍ਹਾਂ ਹੀ ਲਾਭ ਹੋਵੇਗਾ। ਇਸ ਕਿਰਿਆ ਵਿੱਚ ਗੱਲੇ ਦੀਆਂ ਨਸਾਂ ਚਟੱਖਦੀਆਂ ਹੋਈਆਂ ਮਹਿਸੂਸ ਹੁੰਦੀਆਂ ਹਨ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਗੱਲੇ ਅਤੇ ਸਰਵਾਇਕਲ ਖੇਤਰ ਦੇ ਲਈ ਇਹ ਕਿਰਿਆ ਪ੍ਰਭਾਵਸਾਲੀ ਹੈ।



## ਸਵਰਗੀ ਸ੍ਰੀ ਲੇਖ ਰਾਜ ਮੁੰਦਰਾ ਇੱਕ ਬਹੁਪੱਖੀ ਸਖਸ਼ੀਅਤ

- ਪ੍ਰੋ.ਮਲਕੀਅਤ ਸਿੰਘ ਸੈਣੀ ਮਹਿਤਪੁਰੀ

ਐਸੇ ਲੋਗ ਭੀ ਹੈਂ ਜਿਨ ਕੇ ਲਿਏ ਦਿਲੇ ਦਰਦ ਹੈ,
ਹਰ ਏਕ ਕੇ ਲਿਏ ਆਂਸੂ ਵਹਾਏ ਨਹੀਂ ਜਾਤੇ ।
ਯੂੰ ਤੋ ਜ਼ਿੰਦਗੀ ਮੇਂ ਸੂਰਤੇਂ ਮਿਲਤੀ ਹੈਂ ਬਹੁਤ,
ਐਸੇ ਚੇਹਰੇ ਭੀ ਹੈਂ ਜੋ ਭੁਲਾਏ ਨਹੀਂ ਜਾਤੇ ।

ਸ਼੍ਰੀ ਮੁੰਦਰਾ ਜੀ ਰੋਪੜ ਇਲਾਕੇ ਦੇ ਪ੍ਰਸਿੱਧ ਸਮਾਜਸੇਵੀ, ਸਮਾਜਸੁਧਾਰਕ, ਲੋਕਾਂ ਦੇ ਹਮਦਰਦ, ਅਗਾਂਹ-ਵਧੂ ਖਿਆਲਾਂ ਦੇ ਇਨਸਾਨ, ਸਮਾਜਿਕ ਕੁਰੀਤੀਆਂ ਦੇ ਖਿਲਾਫ਼ ਸੰਘਰਸ਼ ਕਰਨ ਵਾਲੇ, ਸਾਹਿਤ, ਇਤਿਹਾਸ, ਪੰਜਾਬ, ਪੰਜਾਬੀਅਤ ਦੇ ਹਾਮੀ ਅਤੇ ਧਾਰਮਿਕ ਆਡੰਬਰਾਂ ਦੇ ਵਿਰੋਧੀ ਸਨ। ਉਹ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਸਨ। ਉਹ ਹਰਮਨ ਪਿਆਰੇ ਕਰਿੰਦੇ ਤੇ ਮਹਾਂਦਾਨੀ ਸਨ।ਉਨ੍ਹਾਂ ਦੇ ਅਕਾਲਚਲਾਣਾ ਕਰਨ 'ਤੇ ਮੈਨੂੰ ਭਗਤ ਕਬੀਰ ਜੀ ਦਾ ਇੱਕ ਸ਼ਲੋਕ ਯਾਦ ਆਉਂਦਾ ਹੈ;-"ਕਬੀਰਾ ਜਬ ਹਮ ਆਏ ਜਗਤ ਮੇ ਜਗ ਹੰਸਾ ਹਮ ਰੋਏ।ਐਸੀ ਕਰਨੀ ਕਰ ਚਲੇ ਹਮ ਹੰਸੇ ਜਗ ਰੋਏ" ਕੁਦਰਤ ਦਾ ਨਿਯਮ ਹੈ ਜਿਸ ਨੇ ਪੈਦਾ ਹੋਣਾ ਹੈ, ਇੱਕ ਦਿਨ ਉਸ ਨੇ ਚਲੇ ਵੀ ਜਾਣਾ ਹੈ।" ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ। ਘੱਲੇ ਆਵਹਿ ਨਾਨਕਾ ਸਦੇ ਉਠੀ ਜਾਹਿ"।

ਮੇਰੀ ਮੁੰਦਰਾ ਜੀ ਨਾਲ ਪੁਰਾਣੀ ਸਾਂਝ ਸੀ।ਜਦੋਂ ਉਹ 1979 ਵਿੱਚ ਰੋਪੜ ਆਏ ਤਾਂ ਉਸ ਸਾਲ ਮੈਂ ਵੀ ਪੀ.ਏ.ਯੂ. ਤੋਂ ਬਦਲ ਕੇ ਰੋਪੜ ਆਇਆ ਸੀ।ਮੇਰਾ ਦਫ਼ਤਰ ਸੈਣੀ ਭਵਨ ਰੋਡ ਦੇ ਕੋਨੇ 'ਤੇ ਹੋਣ ਕਾਰਨ ਹਫ਼ਤੇ ਵਿੱਚ ਦੋ-ਤਿੰਨ ਵੇਰ ਸੈਣੀ ਭਵਨ ਵਿੱਚ ਮੁੰਦਰਾ ਜੀ ਨੂੰ ਮਿਲ ਲਿਆ ਕਰਦਾ ਸਾਂ।ਉਨ੍ਹਾਂ ਨੇ ਮੈਨੂੰ ਸੈਣੀ ਭਵਨ ਦਾ ਜਨਰਲ ਸੈਕਟਰੀ ਅਤੇ ਸਿਲਾਈ ਕਢਾਈ ਸਕੂਲ ਦਾ ਪ੍ਰਿੰਸੀਪਲ ਬਣਾ ਦਿਤਾ ।ਸੈਣੀ ਭਵਨ ਨਾਲ ਜੁੜਨ ਨਾਲ ਮੇਰਾ ਲੋਕਾਂ ਨਾਲ ਸੰਪਰਕ ਹੋਣ ਲੱਗਾ।ਮੁੰਦਰਾ ਜੀ ਨੂੰ ਯਾਦ ਕਰਕੇ ਮੈਨੂੰ ਇੱਕ ਸ਼ੇਅਰ ਯਾਦ ਆਉਂਦਾ ਹੈ;-

ਤੂੰ ਨਹੀਂ, ਲੇਕਿਨ ਤੇਰੀ ਉਲਫ਼ਤ ਅਭੀ ਤਕ ਦਿਲ ਮੇਂ ਹੈ।
ਬੁਝ ਚੁਕੀ ਹੈ ਸ਼ਮ੍ਹਾਂ, ਲੇਕਿਨ ਰੋਸ਼ਨੀ ਮਹਿਫ਼ਲ ਮੇਂ ਹੈ ।

ਮਹਾਂਦਾਨੀ ਐੱਲ.ਆਰ. ਮੁੰਦਰਾ ਦੀ ਵਸੀਅਤ ਅਨੁਸਾਰ ਗੁਰਦੁਆਰਾ ਸਿੰਘ ਸਭਾ ਹਵੇਲੀ ਕਲਾਂ, ਗੁਰਦੁਆਰਾ ਰਵੀਦਾਸ ਹਵੇਲੀ ਕਲਾਂ, ਕ੍ਰਿਸ਼ਨਾ ਮੰਦਰ ਹਵੇਲੀ ਕਲਾਂ ਅਤੇ ਸ਼ਮਸ਼ਾਨ ਘਾਟ ਹਵੇਲੀ ਕਲਾਂ ਹਰ ਇੱਕ ਨੂੰ 23925/- ਰੁਪਏ ਆਰਥਿਕ ਸਹਾਇਤਾ ਪ੍ਰਾਪਤ ਹੋਈ ਹੈ।



## ਦਾਸਤਾਂ ਤੇਰੇ ਉਪਕਾਰਾਂ ਦੀ

ਜਗਦੀਸ਼ ਰਾਮ
ਮਲਕਪੁਰ

ਮੁੰਦਰਾ ਜੀ ਤੇਰੀ ਮੌਤ ਨਹੀਂ,
ਮਿੱਤਰਾਂ ਲਈ ਦੁਖਦ ਕਹਾਣੀ ਹੈ।
ਇਹ ਦਾਸਤਾਂ ਤੇਰੇ ਉਪਕਾਰਾਂ ਦੀ,
ਪੰਨਿਆਂ 'ਤੇ ਲਿਖੀ ਜਾਣੀ ਹੈ।
ਕੋਈ ਆਪਣਿਆਂ ਲਈ ਜਿਉਂਦਾ ਏ,
ਕੋਈ ਆਪਣਿਆਂ ਲਈ ਮਰਦਾ ਏ।
ਪਰ ਜਿਵੇਂ ਤੂੰ ਕਰਕੇ ਤੁਰਿਆਂ ਏਂ,
ਵਿਰਲਾ ਹੀ ਕੋਈ ਕਰਦਾ ਏ ।
ਕੰਮ ਕੀਤੇ ਜੋ ਤੂੰ ਦੁਨੀਆਂ ਲਈ,
ਸਾਨੂੰ ਰਹਿਣੇ ਯਾਦ ਜ਼ੁਬਾਨੀ ਏਂ।
ਇਹ ਦਾਸਤਾਂ ਤੇਰੇ ਉਪਕਾਰਾਂ ਦੀ,
'ਆਪਣਾ ਘਰ' ਬਣਾ ਕੇ ਤੂੰ,
ਸੇਵਾ ਲਈ ਟਰੱਸਟ ਬਣਾਇਆ ਏ।
ਸਰਸਵਤੀ ਦੇਵੀ ਪਤਨੀ ਦਾ,
ਦੁਨੀਆਂ ਵਿੱਚ ਨਾਂ ਚਮਕਾਇਆ ਏ।
ਬਿਰਧਾਂ ਨੂੰ ਐਸਾ ਸਹਾਰਾ ਹੈ,
ਜਿਵੇਂ ਪਿਆਸੇ ਨੂੰ ਮਿਲਦਾ ਪਾਣੀ ਏ।
ਇਹ ਦਾਸਤਾਂ ਤੇਰੇ ਉਪਕਾਰਾਂ ਦੀ,
ਲੱਖ ਲੋਕੀਂ ਤੈਨੂੰ ਯਾਦ ਕਰਨ,
ਦੁਨੀਆਂ ਹੀ ਤੇਰੀ ਦੀਵਾਨੀ ਏ।
ਸ਼ੁੱਭ ਕੰਮਾਂ ਵਿੱਚ ਜ਼ਿੰਦਗੀ ਲਾਉਣੀ,
ਬੱਸ ਤੇਰੀ ਹੀ ਕੁਰਬਾਨੀ ਏ।
ਕੀਤੀ ਮਦਦ ਤੂੰ ਬੇਸਹਾਰਿਆਂ ਦੀ,
ਤੇਰਾ ਨਾ ਕੋਈ ਸਾਨੀ ਏ।
ਇਹ ਦਾਸਤਾਂ ਤੇਰੇ ਉਪਕਾਰਾਂ ਦੀ,
'ਜਗਦੀਸ਼' ਅੱਖਾਂ ਦੇ ਅੱਥਰੂ ਮੁੱਕ ਗਏ,
ਹੁਣ ਦਿਲ ਹੀ ਸਾਡਾ ਰੋਂਦਾ ਏ।
ਤੇਰੇ ਪਿਆਰ ਦੀਆਂ ਛਾਵਾਂ ਬੈਠਣ ਲਈ,
ਹਰ ਵੇਲੇ ਕਹਿੰਦਾ ਰਹਿੰਦਾ ਏ।
ਜਾ ਬੈਠਾ ਤੂੰ ਸਵਰਗਾਂ ਵਿੱਚ,
ਸਾਡੀ ਯਾਦ ਨਾ ਤੈਨੂੰ ਆਉਣੀ ਏ।
ਇਹ ਦਾਸਤਾਂ ਤੇਰੇ ਉਪਕਾਰਾਂ ਦੀ,
ਪੰਨਿਆਂ 'ਤੇ ਲਿਖੀ ਜਾਣੀ ਹੈ।







# Sh. L.R. Mundra

(1921- 2017)

*We, the Trustees and Managing Committee of Saini Bhawan Rupnagar pay homage to the departed soul*


| No | Name | Designation | Address | Telephone |
|---|---|---|---|---|
| 1 | Dr. Ajmer Singh | Trustee & President | B-12/5057, Guru Nagar, Ropar | 94176-02835 |
| 2 | S. Balbir Singh Saini | Trustee & Gen.Secy. | # 7A, Harman Niwas, Ropar | 98156-36079 |
| 3 | S. Ajit Singh Saini | Trustee & Cashier | # 1954, Ali Mohalla, Ropar | 98148-22847 |
| 4 | Col. Vinod Choudhary | Trustee & Ex. Mem. | #3132, College Road, Ropar | 98148-28632 |
| 5 | Sh. Satish Kumar Bela | Trustee & Ex. Mem. | # 65, Dashmesh Colony, Ropar | 93167-10867 |
| 6 | Prof. Malkiat Singh | Trustee & Ex. Mem. | #266, G.Z.S. Nagar, Ropar | 98764-97021 |
| 7 | Sh. Satish Kumar Saini | Trustee & Jt. Secy. | # 40, SBS Nagar, Ropar | 92417-69448 |
| 8 | Sh. Rajinder Saini | Trustee & PRO | #87, G.Z.S Nagar, Ropar | 98722-20400 |
| 9 | Dr. Jaswant Kaur | Trustee & Librarian | #B-12/5057, Guru Nagar, Ropar | 94178-02835 |
| 10 | Er. Rajiv Saini | Trustee & Tech. Adv. | #444, G.Z.S. Nagar, Ropar | 98728-22661 |
| 11 | S. Ram Singh Saini | Trustee & Exe. Mem. | #344, G.Z.S. Nagar, Ropar | 98144-30749 |
| 12 | Er. Harjit Singh Saini | Trustee & Exe. Mem. | #446, G.Z.S. Nagar, Ropar | 98141-03903 |
| 13 | S. Gurmukh Singh Saini | Trustee & Exe. Mem. | #28, S.B.S Nagar, Ropar | 98720-69825 |
| 14 | S. Amarjit Singh | Trustee & I/c Trg. | #7, Guru Teg Bahadur Nagar, Ropar | 94635-88741 |
| 15 | S. Tekpal Singh | Trustee & Exe. Mem. | #204, CH-19, Sec. 21-D, Faridabad | 98111-73520 |
| 16 | Sh. Tarsem Saini | Trustee & Exe. Mem. | Ghuman Nagar, Patiala | 98761-38476 |
| 17 | Adv. Ravinder Singh | Trustee & Exe. Mem. | #4487, Haveli Kalan, Ropar | 98888-56369 |
| 18 | S. Gurdas Singh | I/c Family Disputes | #4434, Narindra Colony, Ropar | 98141-40865 |
| 19 | S. Gurmukh S. Longia | Vice President | #1940/19, Preet Colony, Ropar | 99880-18811 |
| 20 | Er. B.S. Pabla | Vice President | #8, Malhotra Colony, Ropar | 95305-119079 |
| 21 | Er. Karnail Singh | Vice President | #97/4, Hargobind Nagar, Ropar | 98766-67866 |
| 22 | S. Rajinder Singh | Auditor | #B-1/83, Mohalla Sheikhan, Ropar | 94646-49922 |
| 23 | S. Surinder Singh | I/c Matrimonial | #1872/1, Gaushala Road, Ropar | 99880-06822 |
| 24 | S. Ajmer Singh | Manager Magazine | #378, Dashmesh Nagar, Ropar | 94175-86075 |
| 25 | S. Pritpal Singh | I/c Functions | #1693/23, Gandhi Nagar, Roapr | 94634-56410 |
| 26 | S. Gurcharan Singh | Asstt. Mgr. Mag. Dist | #38, Sukhram Colony, Ropar | 98780-35106 |
| 27 | S. Harjit Singh Girn | Incharge Stores | #79A/7, Mohalla Sheikhan, Ropar | 505083 |
| 28 | S. Amrik Singh | Member | #73/3, Saini Bhawan Road, Ropar | 98883-21203 |
| 29 | S. Hakam Singh | Sr. Vice President | Guru Nanak Tent House, Ropar | 98146-20084 |
| 30 | S. Hardeep Singh | Manager | #29, Street No. 1, Hargobind Nagar | 98765-52297 |

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ



ਮੈਗਜ਼ੀਨ "ਸੈਣੀ ਸੰਸਾਰ" ਦਾ 25ਵਾਂ ਅੰਕ ਰਲੀਜ਼ ਕਰਦੇ ਹੋਏ ਸ਼੍ਰੀ ਅੰਗਦ ਸਿੰਘ ਸੈਣੀ, ਮਾਨਯੋਗ ਐੱਮ.ਐੱਲ.ਏ. ਨਵਾਂਸ਼ਹਿਰ



ਸੈਣੀ ਭਵਨ ਵਿਖੇ 35ਵੇਂ ਸਾਲਾਨਾ ਸੰਮੇਲਨ ਦੌਰਾਨ ਬਰਾਦਰੀ ਦੀਆਂ ਸਫਲ ਸਖਸ਼ੀਅਤਾਂ ਦਾ ਸਨਮਾਨ ਕਰਦੇ ਹੋਏ ਵਿਧਾਇਕ ਸ਼੍ਰੀ ਅੰਗਦ ਸਿੰਘ ਸੈਣੀ



ਸੈਣੀ ਭਵਨ ਵਿਖੇ ਪਿਡੀਲਾਈਟ ਵਲੋਂ ਲਗਾਏ ਗਏ ਫੈਬਰਿਕ ਪੇਂਟਿੰਗ ਕੈਂਪ 'ਚ ਸ਼ਾਮਿਲ ਸਿਖਿਆਰਥਣਾਂ




ਸੈਣੀ ਭਵਨ ਵਿਖੇ ਆਯੋਜਿਤ ਧਾਰਮਿਕ ਗਿਆਨ ਲਿਖਤੀ ਮੁਕਾਬਲੇ ਦੀਆਂ ਜੇਤੂ ਸਿਖਿਆਰਥਣਾਂ।



ਹਵੇਲੀ ਕਲਾਂ ਸੜਕ ਦਾ ਨਾਂ ਸ਼੍ਰੀ ਐੱਲ.ਆਰ.ਮੁੰਦਰਾ ਦੇ ਨਾਂ 'ਤੇ ਰੱਖਣ ਬਾਰੇ ਨਗਰ ਕੌਂਸਲ ਦੇ ਪ੍ਰਧਾਨ ਨੂੰ ਮੰਗ ਪੱਤਰ ਦਿੰਦੇ ਹੋਏ ਸੈਣੀ ਭਵਨ ਅਤੇ ਆਪਣਾ ਘਰ ਦੇ ਪ੍ਰਬੰਧਕ।

*If Tears Could Built A Stairway,*
*And Memories A Lane,*
*I'd Walk Right Up To Heaven*
*And Bring You Home Again.*



*In Memories of My Beloved Grandfather*

# *Late Sh. L.R. Mundra*

*(Asstt. Police Commissioner, Delhi (Retd.)*

In Grief

**Advocate Ravinder Singh Mundra**
L.L.B. India & L.L.B. Canada

Resi.: # 4487, Haveli Kalan, Rupnagar (Pb.)-140001
Off. : Chamber No. 47, First Floor, Distt. Courts Complex Rupnagar (Pb.)
Mob. : 98888 56369, 83600 90816